# P7

*by* G7 S7

**Submission date:** 16-Jun-2026 10:14PM (UTC+0530)
**Submission ID:** 2984458593
**File name:** B.ed.Sem1,P-Tgh_of_SS,U1,pbi.pdf (1.01M)
**Word count:** 9804
**Character count:** 36368

# ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
## ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਐਡ ਭਾਗ ਪਹਿਲਾ — ਸਮੈਸਟਰ ਪਹਿਲਾ

ਪੇਪਰ : ਚੌਥਾ ਅਤੇ ਪੰਜਵਾਂ (ਟੀਚਿੰਗ ਆਫ ਸੋਸ਼ਲ ਸਟੱਡੀਜ਼) — ਯੂਨਿਟ : 1

ਮੀਡੀਅਮ : ਪੰਜਾਬੀ

Last updated on August, 2025

ਪਾਠ ਨੰ.


1.1 : ਸਮਾਜਿਕ ਅਧਿਐਨ ਦਾ ਅਰਥ ਸਰੂਪ, ਖੇਤਰ ਅਤੇ ਮਹੱਤਵ

1.2 : ਸਕੂਲ ਪੱਧਰ ਤੇ ਸਮਾਜਿਕ ਅਧਿਆਪਨ ਦੇ ਉਦੇਸ਼

1.3 : ਸਮਾਜਿਕ ਅਧਿਐਨ ਦੀ ਸਿੱਖਿਆ ਦੇਣ ਲਈ ਪਾਠਕ੍ਰਮ ਵਿਧੀਆਂ: ਤਾਲਮੇਲ ਵਿਧੀ, ਸਹਿ-ਸੰਬੰਧ ਵਿਧੀ, ਸੰਕੇਤਕ ਵਿਧੀ, ਚੂੜੀਦਾਰ ਵਿਧੀ, ਏਕੀਕਰਨ ਵਿਧੀ ਅਤੇ ਵਿਰੋਧੀ ਵਿਧੀ

1.4 : ਅਨਦੇਸਆਤਮਿਕ ਯੋਜਨਾ: ਇਕਾਈ ਯੋਜਨਾ ਅਤੇ ਪਾਠ ਯੋਜਨਾ: ਜਰੂਰਤ, ਮਹੱਤਵ ਅਤੇ ਪ੍ਰਕਿਰਿਆ।



**website : www.pbidde.org**

**ਬੀ.ਐਡ. ਭਾਗ ਪਹਿਲਾ (ਸਮੈਸਟਰ ਪਹਿਲਾ) ਪਰਚਾ : ਚੌਥਾ ਅਤੇ ਪੰਜਵਾਂ (ਆਪਸ਼ਨXII)**

**ਟੀਚਿੰਗ ਆਫ਼ ਸੋਸ਼ਲ ਸਟੱਡੀਜ਼**

**ਸਮਾਜਿਕ ਅਧਿਐਨ ਦਾ ਅਰਥ ਸਰੂਪ, ਖੇਤਰ, ਅਤੇ ਮਹੱਤਵ**

---

**ਪਾਠ ਨੰਬਰ- 1.1** **ਲੇਖਕ : ਡਾ. ਮਨਜੀਤ ਕੌਰ**

**ਪਾਠ ਦੀ ਬਣਤਰ :**
**(Structure of the Lesson)**

1.1.1 ਪਾਠ ਦੇ ਉਦੇਸ (**Aims**)
1.1.2 ਜਾਣਕਾਰੀ ਅਤੇ ਅਰਥ (**Introduction & Meaning**)
1.1.3 ਸਮਾਜਿਕ ਅਧਿਐਨ ਦੀਆਂ ਪਰਿਭਾਸ਼ਾਵਾਂ (**Definitions**)
1.1.4 ਸਮਾਜਿਕ ਸਿੱਖਿਆਵਾਂ ਦੇ ਮੁੱਖ ਅੰਸ਼
  (**i**) ਮਨੁੱਖੀ ਸਮਾਜ ਦੀ ਹੋਂਦ ਅਤੇ ਉਸਦੀ ਉਸਾਰੀ
  (**ii**) ਜੀਵਨ ਸਤਰ ਨੂੰ ਉਚਾ ਕਰਨਾ
  (**iii**) ਲੋਕਤੰਤਰੀ ਕਦਰਾਂ ਕੀਮਤਾਂ ਦੀ ਉਸਾਰੀ
  (**iv**) ਸਿੱਖਿਆ ਦੇ ਉਦੇਸ਼ ਦੇ ਅਨੁਰੂਪ
  (**v**) ਮਨੁੱਖੀ ਵਤੀਰਿਆਂ ਤੇ ਕਾਬੂ
1.1.5 ਸਮਾਜਿਕ ਅਧਿਐਨ ਦਾ ਸੁਭਾਅ **(Nature of Social Studies)**
1.1.6 ਸਮਾਜਿਕ ਵਿਗਿਆਨ ਦਾ ਖੇਤਰ (**Scope of Social Studies**)
1.1.7 ਸਮਾਜਿਕ ਅਧਿਐਨ ਅਤੇ ਸਮਾਜਿਕ ਵਿਗਿਆਨ ਵਿਚ ਅੰਤਰ
1.1.8 ਸਾਰ
1.1.9 ਮੁੱਖ ਨੁਕਤੇ
1.1.10 ਸਵੈ-ਮੁਲਾਂਕਣ ਅਭਿਆਸ
1.1.11 ਸੁਝਾਏ ਪ੍ਰਸ਼ਨ
1.1.12 ਸੁਝਾਈਆਂ ਪੁਸਤਕਾਂ

1.1.1 **ਉਦੇਸ਼ :** ਪਿਆਰੇ ਵਿਦਿਆਰਥੀਓ, ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਹੇਠ ਲਿਖੇ ਸੰਕਲਪਾਂ ਨੂੰ ਸਮਝਣ ਯੋਗ ਹੋ ਜਾਵੋਗੇ।
  (ੳ) ਸਮਾਜਿਕ ਅਧਿਐਨ ਬਾਰੇ ਜਾਣਕਾਰੀ
  (ਅ) ਸਮਾਜਿਕ ਅਧਿਐਨ ਦਾ ਅਰਥ ਅਤੇ ਪਰਿਭਾਸ਼ਾਵਾਂ
  (ੲ) ਸਮਾਜਿਕ ਸਿੱਖਿਆਵਾਂ ਦੇ ਮੁੱਖ ਅੰਸ਼
  (ਸ) ਸਮਾਜਿਕ ਵਿਗਿਆਨ ਦਾ ਖੇਤਰ
  (ਹ) ਸਮਾਜਿਕ ਅਧਿਐਨ ਪੜ੍ਹਾਉਣ ਦੇ ਉਦੇਸ਼

**1.1.2 ਜਾਣ-ਪਛਾਣ ਅਤੇ ਅਰਥ :-** ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਅਤੇ ਉਹ ਸਮਾਜ ਤੋਂ ਬਿਨਾਂ ਨਹੀਂ ਰਹਿ ਸਕਦਾ। ਸਮਾਜ, ਸਮਾਜਿਕ ਅਧਿਐਨ ਦਾ ਮੁੱਖ ਵਿਸ਼ਾ ਹੈ, ਮਨੁੱਖ ਦੇ ਵਿਕਾਸ ਲਈ ਕਈ ਪ੍ਰਕਾਰ ਦੀਆਂ ਸੰਸਥਾਵਾਂ ਦੀ ਸਥਾਪਨਾ ਕਰਦਾ ਹੈ। ਇਹਨਾਂ ਵਿਚੋਂ ਸਕੂਲ ਵੀ ਇਕ ਸੰਸਥਾ ਹੈ ਜਿਸ ਤੋਂ ਮਨੁੱਖ ਸਮਾਜ ਬਾਰੇ ਗਿਆਨ ਹਾਸਲ ਕਰਦਾ ਹੈ, ਸਕੂਲ ਤੋਂ ਹੀ ਗਿਆਨ ਪ੍ਰਾਪਤ ਕਰਕੇ ਮਨੁੱਖ ਆਪਣਾ ਸਰਵਪੱਖੀ ਵਿਕਾਸ ਕਰਦਾ ਹੈ ਜਿਸਦੀ ਰੌਸ਼ਨੀ ਵਿਚ ਉਹ ਆਪਣਾ ਭਵਿੱਖਤ ਜੀਵਨ ਸਫਲ ਬਣਾਉਂਦਾ ਹੈ। ਵਿਅਕਤੀ ਨੂੰ ਆਪਣੇ ਵਿਰਸੇ ਨਾਲ ਜੋੜਨ ਦੇਸ਼ ਭਗਤੀ ਦੀ ਭਾਵਨਾ, ਆਧੁਨਿਕ ਲੋਕਤੰਤਰ ਦੀ ਸਫ਼ਲਤਾ, ਧਾਰਮਿਕ ਸਹਿਣਸ਼ੀਲਤਾ, ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਸਦਭਾਵਨਾ ਆਦਿ ਦਾ ਵਿਕਾਸ ਕਰਨ ਲਈ ਇਕ ਵੱਖਰੇ ਵਿਸ਼ੇ ਦੀ ਲੋੜ ਮਹਿਸੂਸ ਕੀਤੀ ਗਈ, ਜਿਸ ਵਿਚ ਸਾਰੇ ਮਨੁੱਖੀ ਵਿਸ਼ਿਆਂ ਦਾ ਸੰਸਲੇਸ਼ਣ ਸੰਭਵ ਹੋਵੇ ਅਤੇ ਇਹ ਵਿਸ਼ਾ ਸਮਾਜਿਕ ਅਧਿਐਨ (**Social Studies**) ਦੇ ਨਾਂ ਨਾਲ ਵਿਕਸਿਤ ਹੋਇਆ।

ਸਮਾਜਿਕ ਅਧਿਐਨ ਦਾ ਅਰਥ ਹੈ ''ਮਨੁੱਖੀ ਅਸੂਲਾਂ ਅਨੁਸਾਰ ਸਮਾਜ ਦਾ ਅਧਿਐਨ'' ਕਰਨਾ। ਮਨੁੱਖ ਅਤੇ ਸਮਾਜ ਦਾ ਆਪਸ ਵਿਚ ਗੂੜ੍ਹਾ ਸਬੰਧ ਹੈ। ਦੋਹਾਂ ਨੂੰ ਇਕ ਦੂਜੇ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ। ਸਮਾਜ ਦੇ ਅਧਿਐਨ ਨੂੰ ਸਮਾਜਿਕ ਅਧਿਐਨ ਕਿਹਾ ਜਾਂਦਾ ਹੈ।

### 1.1.3 ਸਮਾਜਿਕ ਅਧਿਐਨ ਦੀਆਂ ਪਰਿਭਾਸ਼ਾਵਾਂ (Definitions)

ਸਮਾਜਿਕ ਅਧਿਐਨ ਦੀਆਂ ਵੱਖ-ਵੱਖ ਵਿਦਵਾਨਾਂ ਨੇ ਵੱਖ-ਵੱਖ ਪ੍ਰੀਭਾਸ਼ਾਵਾਂ ਦਿੱਤੀਆਂ ਹਨ, ਜਿਨ੍ਹਾਂ ਵਿਚੋਂ ਕੁਝ ਇਸ ਤਰ੍ਹਾਂ ਹਨ :

1. ਜੇਮਜ਼ ਹੇਮਿੰਗਜ਼ (James Hammings) ਦੇ ਵਿਚਾਰ ਅਨੁਸਾਰ : ''ਸਮਾਜਿਕ ਅਧਿਐਨ ਇਤਿਹਾਸਕ, ਭੂਗੋਲਿਕ ਅਤੇ ਸਮਜਿਕ ਸੰਬੰਧਾਂ ਅਤੇ ਅੰਤਰ-ਸਬੰਧਾਂ ਦਾ ਅਧਿਐਨ ਹੈ।''
2. ਫਾਰੈਸਟਰ (Forrester) ਦੇ ਵਿਚਾਰ ਅਨੁਸਾਰ : ''ਸਮਾਜਿਕ ਅਧਿਐਨ ਸਮਾਜ ਦਾ ਅਧਿਐਨ ਹੈ ਅਤੇ ਇਸ ਦਾ ਉਦੇਸ਼ ਵਿਦਿਆਰਥੀਆਂ ਨੂੰ ਉਸ ਸੰਸਾਰ ਨੂੰ ਸਮਝਣ ਵਿਚ ਸਹਾਇਤਾ ਕਰਨਾ ਹੈ ਜਿਸ ਵਿਚ ਉਸ ਨੇ ਰਹਿਣਾ ਹੈ ਤਾਂ ਕਿ ਉਹ ਉਸ ਦਾ ਜ਼ੁੰਮੇਵਾਰ ਨਾਗਰਿਕ ਬ਼ਣ ਸਕੇ। ਇਸ ਦਾ ਉਦੇਸ਼ ਆਲੋਚਨਾਤਮਕ ਸੋਚ, ਸਮਾਜਿਕ ਪਰਿਵਰਤਨ ਦੀ ਤੱਤਪਰਤਾ ਨੂੰ ਉਤਸ਼ਾਹਿਤ ਕਰਨਾ, ਸਮੂਹਿਕ ਭਿਲਾਈ ਲਈ ਕੰਮ ਕਰਨ ਦੀ ਆਦਤ ਵਿਕਸਿਤ ਕਰਨਾ, ਹੋਰ ਸਭਿਆਚਾਰਾਂ ਲਈ ਪ੍ਰਸੰਸਾ ਭਰਪੂਰ ਦ੍ਰਿਸ਼ਟੀਕੋਣ ਅਪਣਾਉਣਾ ਅਤੇ ਇਹ ਅਨੁਭਵ ਕਰਵਾਉਣਾ ਹੈ ਕਿ ਸਭ ਮਨੁੱਖ ਅਤੇ ਦੇਸ਼ ਇਕ ਦੂਜੇ ਉਤੇ ਨਿਰਭਰ ਹਨ।''
3. ਬਰੁੱਚਵੈਸਲਏ ਨੇ ਸਮਾਜਿਕ ਅਧਿਐਨ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ, 'ਸਮਾਜਿਕ ਅਧਿਐਨ ਪੜ੍ਹਾਉਣ ਦੇ ਮੰਤਵਾਂ ਲਈ ਸੌਖੇ ਕੀਤੇ ਗਏ ਸਮਾਜਿਕ ਵਿਗਿਆਨ ਹਨ।''

ਸਮਾਜਿਕ ਅਧਿਐਨ ਅਸਲੀਅਤ ਦਾ ਕੋਰਸ ਹੈ ਅਤੇ ਮਨੁੱਖ ਦੇ ਸਮਾਜਿਕ ਤੇ ਭੌਤਿਕ ਵਾਤਾਵਰਨ ਦਾ ਅਧਿਐਨ ਹੈ।

ਸਮਾਜਿਕ ਅਧਿਐਨ ਇਕ ਵਿਸ਼ੇ ਦੇ ਰੂਪ ਵਿਚ ਤਕਰੀਬਨ 1937 ਵਿਚ ਸ਼ੁਰੂ ਹੋਇਆ। ਮਨੁੱਖ ਅਤੇ ਸਮਾਜ ਦੇ ਸਬੰਧ ਨੂੰ ਸਮਝਾਉਣ ਦੀ ਖਾਤਰ ਮਹਾਤਮਾ ਗਾਂਧੀ ਨੇ ਇਸ ਵਿਸ਼ੇ ਨੂੰ ਚੁਣਿਆ।

ਪੀ.ਐਚ. ਮਰਟੋਰੇਲ (P.H. Martorella) ਆਖਦੇ ਹਨ ਕਿ ਸਮਾਜਿਕ ਅਧਿਐਨ ਦਾ ਖੇਤਰ ਮਨੁੱਖ ਅਤੇ ਪ੍ਰਕ੍ਰਿਤੀ ਦੇ ਆਪਸੀ ਸਬੰਧਾਂ ਦੀ ਘੋਖ ਕਰਨਾ ਹੈ।

ਸਮਾਜਿਕ ਅਧਿਐਨ ਅਤੇ ਸਮਾਜਿਕ ਵਿਗਿਆਨ ਦੇ ਵੱਖਰੇ ਖੇਤਰ ਹਨ। ਇਨ੍ਹਾਂ ਵਿਸ਼ਿਆਂ ਵਿਚ

ਵਿਦਿਆ ਦਾ ਟੀਚਾ ਵੱਖਰਾ ਹੈ।

ਸਮਾਜਿਕ ਵਿਗਿਆਨ ਵਧੇਰੇ ਸਿੱਧਾਂਤਕ ਹੁੰਦੇ ਹਨ ਜਦੋਂ ਕਿ ਸਮਾਜਿਕ ਅਧਿਐਨ ਵਧੇਰੇ ਪ੍ਰਯੋਗਾਤਮਿਕ ਹੁੰਦਾ ਹੈ। ਸਮਾਜਿਕ ਵਿਗਿਆਨ ਵਿਚ ਮਨੁੱਖੀ ਕਾਰ ਵਿਹਾਰ ਸ਼ਾਰੇ ਢੰਗਾਂ ਅਤੇ ਰਾਹਾਂ ਬਾਰੇ ਅਤੇ ਮਨੁੱਖੀ ਮਨੋਭਾਵਾਂ ਨਾਲ ਵਧੇਰੇ ਸਬੰਧਤ ਹੋਵੇਗਾ। ਸਮਾਜਿਕ ਅਧਿਐਨ ਦਾ ਕੇਂਦਰ ਵਿਅਕਤੀ ਵੱਖਰੇ ਵਾਤਾਵਰਨ, ਖਾਣ-ਪੀਣ, ਰਹਿਣ ਅਤੇ ਜ਼ਿੰਦਗੀ ਨੂੰ ਵਧੇਰੇ ਚੰਗਾ ਸ਼ਣਾਉਣ ਲਈ ਮਨੁੱਖ ਦੇ ਉਪਰਾਲੇ ਹਨ। ਦੂਜੇ ਸ਼ਬਦਾਂ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਸਮਾਜਿਕ ਸਿੱਖਿਆ ਵਿਅਕਤੀਗਤ-ਸਮਾਜਿਕ ਨਾਗਰਿਕ ਵਤੀਰੇ ਦੇ ਵਿਕਾਸ ਨਾਲ ਸਬੰਧਿਤ ਸਿੱਖਿਆ ਹੈ।

ਬਹੁਤ ਵਾਰ ਸਮਾਜਿਕ ਅਧਿਐਨ ਅਤੇ ਸਮਾਜਿਕ ਵਿਗਿਆਨਾਂ ਨੂੰ ਇਕ ਦੂਜੇ ਸ਼ਬਦ ਦੇ ਸਥਾਨ ਤੇ ਵਰਤ ਲਿਆ ਜਾਂਦਾ ਹੈ ਪਰੰਤੂ ਇਹ ਠੀਕ ਨਹੀਂ। ਇਸ ਵਿਚ ਸ਼ੱਕ ਨਹੀ ਹੈ ਕਿ ਦੋਹਾਂ ਵਿਚ ਬਹੁਤ ਕੁਝ ਸਾਂਝਾ ਹੈ ਪਰ ਇਨ੍ਹਾਂ ਵਿਚ ਅਹਿਮ ਅੰਤਰ ਵੀ ਹਨ। ਦੋਹਾਂ ਦਾ ਵਿਸ਼ਾ ਖੇਤਰ ਕਿਸੇ ਹੱਦ ਤੱਕ ਸਾਂਝਾ ਹੈ ਪਰ ਫੇਰ ਵੀ ਕੁਝ ਪੱਖਾਂ ਤੋਂ ਦੋਵੇਂ ਆਪੋ-ਆਪਣੀ ਵੱਖਰੀ ਪਛਾਣ ਤੇ ਖੜੇ ਹੁੰਦੇ ਹਨ।

### 1.1.4 ਸਮਾਜਿਕ ਸਿੱਖਿਆਵਾਂ ਦੇ ਮੁੱਖ ਅੰਸ਼

**1.1.4.1 ਮਨੁੱਖੀ ਸਮਾਜ ਦੀ ਹੋਂਦ ਅਤੇ ਉਸਦੀ ਉਸਾਰੀ** : ਸਮਾਜ ਅਤੇ ਮਨੁੱਖ ਦੋਵੇਂ ਇਕ ਹੀ ਰੂਪ ਹਨ। ਇਸੇ ਕਾਰਨ ਸਮਾਜਿਕ ਅਧਿਐਨ ਦਾ ਮੂਲ ਕੇਂਦਰ ਮਨੁੱਖ ਹੀ ਹੈ। ਇਸ ਸਿੱਖਿਆ ਦਾ ਮੂਲ ਉਦੇਸ਼ ਵਿਦਿਆਰਥੀਆਂ ਨੂੰ ਸਹੀ ਵਿਦਿਆ ਦੇ ਕੇ ਸਮਾਜ ਲਈ ਜ਼ਿੰਮੇਵਾਰ ਸ਼ਹਿਰੀ ਸ਼ਣਾਉਣਾ ਹੈ।

National Education of U.S.A. ਨੇ ਸਮਾਜਿਕ ਅਧਿਐਨ ਦੇ ਮੁੱਖ ਅਧਿਐਨ ਦੇ ਮੁੱਖ ਅੰਸ਼ਾਂ ਦਾ ਵੇਰਵਾ ਦਿੱਤਾ ਹੈ ਅਤੇ ਕਿਹਾ ਹੈ ਕਿ ਇਕ ਸੁਚੱਜੇ ਸਮਾਜ ਦੀ ਉਸਾਰੀ ਸਮਾਜਿਕ ਅਧਿਐਨ ਦੇ ਸਹੀ ਗਿਆਨ ਰਾਹੀਂ ਵਧੇਰੇ ਚੰਗੀ ਤਰ੍ਹਾਂ ਹੋ ਸਕਦੀ ਹੈ, ਕਿਉਂਕਿ ਮਨੁੱਖ ਸਮਾਜ ਦਾ ਇਕ ਅਤੁੱਟ ਅੰਸ਼ ਹੈ।

**1.1.4.2 ਸਮਾਜਿਕ ਅਤੇ ਆਰਥਿਕ ਲਾਹੇਵੰਦੀ ਅਤੇ ਜੀਵਨ ਸਤਰ ਨੂੰ ਉਚਾ ਕਰਨਾ** : ਮਨੁੱਖ ਨੂੰ ਸਮਾਜਿਕ ਅਤੇ ਆਰਥਿਕ ਤੌਰ ਤੇ ਉਨਤ ਕਰਨਾ, ਸਮਾਜਿਕ ਅਧਿਐਨ ਦਾ ਮੁੱਖ ਅੰਸ਼ ਹੈ। ਇਹ ਪ੍ਰਯੋਗਾਤਮਿਕ ਕੰਮਾਂ ਅਤੇ ਸਮੱਸਿਆਵਾਂ ਦੇ ਪ੍ਰਯੋਗਾਤਮਿਕ ਹਲ ਨਾਲ ਸਬੰਧਿਤ ਹਨ। ਦੁਨੀਆਂ ਦੇ ਵੱਖਰੇ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਦਾ ਇਕ ਦੂਸਰੇ ਤੇ ਪ੍ਰਭਾਵ ਅਤੇ ਮਨੁੱਖੀ ਜੀਵਨ ਦੀ ਉਸਾਰੀ ਉਸ ਦਾ ਯੋਗਦਾਨ ਹੀ ਸਮਾਜਿਕ ਅਧਿਐਨ ਦਾ ਮੂਲ ਅੰਸ਼ ਹੈ।


**1.1.4.3 ਲੋਕਤੰਤਰੀ ਕਦਰਾਂ ਕੀਮਤਾਂ ਦੀ ਉਸਾਰੀ** : ਕਿਸੇ ਵੀ ਸਿੱਖਿਆ-ਕ੍ਰਮ ਦਾ ਖਰੜਾ ਨਿਸ਼ਾਨਿਆਂ ਮੁਤਾਬਿਕ ਹੀ ਹੋਣਾ ਚਾਹੀਦਾ ਹੈ। ਰੋਜ਼ਾਨਾ ਜ਼ਿੰਦਗੀ ਵਿਚ ਹੋ ਰਹੀਆਂ ਤਬਦੀਲੀਆਂ ਨੂੰ ਨਜਰ ਵਿਚ ਰੱਖਦੇ ਹੀ ਸਮਾਜਿਕ ਅਧਿਐਨ ਵਰਗੇ ਵਿਸ਼ੇ ਦਾ ਮੁਲਾਂਕਣ ਹੋ ਸਕਦਾ ਹੈ। ਅਜਿਹੀ ਜਾਣਕਾਰੀ ਦੀ ਲੋੜ ਹੈ ਜਿਸ ਨਾਲ ਵਿਦਿਆਰਥੀ ਸਹੀ ਅਤੇ ਗਲਤ ਦਾ ਅੰਤਰ ਸਪਸ਼ਟ ਕਰ ਸਕੇ ਅਤੇ ਆਪਣੇ ਵਿਚਾਰਾਂ ਨੂੰ ਠੀਕ ਤਰਤੀਬ ਨਾਲ ਪੇਸ਼ ਕਰ ਸਕੇ।

**1.1.4.4 ਸਿੱਖਿਆ ਦੇ ਉਦੇਸ਼ ਦੇ ਅਨੁਰੂਪ** : ਕਿਸੇ ਵੀ ਸਿੱਖਿਆ ਦਾ ਖਰੜਾ ਨਿਸ਼ਾਨਿਆਂ ਮੁਤਾਬਿਕ ਹੀ ਹੋਣਾ ਚਾਹੀਦਾ ਹੈ। ਰੋਜ਼ਾਨਾ ਜ਼ਿੰਦਗੀ ਵਿਚ ਹੋ ਰਹੀਆਂ ਤਬਦੀਲੀਆਂ ਨੂੰ ਨਜਰ ਵਿਚ

ਰੱਖਦੇ ਹੀ ਸਮਾਜਿਕ ਅਧਿਐਨ ਵਰਗੇ ਵਿਸ਼ੇ ਦਾ ਮੁਲਾਂਕਣ ਹੋ ਸਕਦਾ ਹੈ। ਅਜਿਹੀ ਜਾਣਕਾਰੀ ਦੀ ਲੋੜ ਹੈ ਜਿਸ ਨਾਲ ਵਿਦਿਆਰਥੀ ਸਹੀ ਅਤੇ ਗਲਤ ਦਾ ਅੰਤਰ ਸਪਸ਼ਟ ਕਰ ਸਕੇ ਅਤੇ ਆਪਣੇ ਵਿਚਾਰਾਂ ਨੂੰ ਠੀਕ ਤਰਤੀਬ ਨਾਲ ਪੇਸ਼ ਕਰ ਸਕੇ।

**1.1.4.5 ਮਨੁੱਖੀ ਵਤੀਰਿਆਂ ਤੇ ਕਾਬੂ :** ਕਿਸੇ ਵਿਸ਼ੇ ਦੀ ਜਾਣਕਾਰੀ ਉਸ ਵੇਲੇ ਤਕ ਪੂਰਨ ਨਹੀਂ ਜਦੋਂ ਤੀਕ ਅਸੀਂ ਉਸ ਨੂੰ ਆਪਣੇ ਜੀਵਨ ਦਾ ਹਿੱਸਾ ਨਾ ਸ਼ਣਾਈਏ। ਸਮਾਜਿਕ ਅਧਿਐਨ ਨੂੰ ਹਰ ਪੱਧਰ ਤੋਂ ਪਰਖਣਾ, ਸੋਚਣਾ, ਸਮਝਣਾ ਅਤੇ ਮਨੁੱਖੀ ਵਤੀਰਿਆਂ ਨੂੰ ਕਾਬੂ ਕਰਨਾ ਹੀ ਸਮਾਜਿਕ ਅਧਿਐਨ ਦਾ ਅੰਸ਼ ਹੈ।

### 1.1.5 ਸਮਾਜਿਕ ਅਧਿਐਨ ਦੀ ਪ੍ਰਕਿਰਤੀ/ਸਰੂਪ (Nature of Social Studies)



## 1.1.6 ਸਮਾਜਿਕ ਵਿਗਿਆਨ ਦਾ ਖੇਤਰ (Scope of Social Sciences)

ਸਮਾਜਿਕ ਅਧਿਐਨ ਦਾ ਵਿਸ਼ੇ ਖੇਤਰ ਬਹੁਤ ਵੱਡਾ ਹੈ ਕਿਉਂਕਿ ਇਸ ਦੇ ਮਨੁੱਖ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਅਤੇ ਰੋਜ਼ਾਨਾ ਜ਼ਿੰਦਗੀ ਵਿੱਚ ਉਨ੍ਹਾਂ ਨੂੰ ਸੁਲਝਾਉਣ ਲਈ ਤਿਆਰ ਕਰਨਾ ਹੁੰਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਉਸ ਦੇ ਬੀਤ ਚੁੱਕੇ ਸਮਾਜਿਕ, ਭੂਗੋਲਿਕ ਅਤੇ ਇਤਿਹਾਸਿਕ ਵਾਤਾਵਰਨ ਨਾਲ ਜਾਣ ਪਛਾਣ ਕਰਾਈ ਜਾਵੇ ਅਤੇ ਇਸ ਦੇ ਨਾਲ ਹੀ ਉਸ ਨੂੰ ਘਰ, ਗੁਆਂਢ, ਕਸਬੇ, ਖੇਤਰ, ਦੇਸ਼ ਅਤੇ ਸੰਸਾਰ ਸਬੰਧੀ ਵੀ ਜਾਣਕਾਰੀ ਕਰਵਾਈ ਜਾਵੇ। ਇਸ ਦੁਆਰਾ ਉਸ ਨੂੰ ਸਭਿਅਤਾ ਨੂੰ ਚੰਗੀ ਤਰ੍ਹਾਂ ਸਮਝਣ ਲਈ ਉਸ ਦੇ ਵਿਰਸੇ ਅਤੇ ਮਾਹੌਲ ਦੀ ਅਤੇ ਸੰਸਾਰ ਵਿਚ ਚਲ ਰਹੀਆਂ ਪ੍ਰਵਿਰਤੀਆਂ ਦੀ ਜਾਣਕਾਰੀ ਵੀ ਦਿੱਤੀ ਜਾਂਦੀ ਹੈ। ਉਸ ਨੂੰ ਅੰਤਰ-ਰਾਸ਼ਟਰੀ ਸ਼ਾਂਤੀ ਅਤੇ ਸਹਿਯੋਗ ਦੀ ਜਾਣਕਾਰੀ ਵੀ ਦਿੱਤੀ ਜਾਂਦੀ ਹੈ।

ਸਮਾਜਿਕ ਅਧਿਐਨ, ਇਤਿਹਾਸ, ਭੂਗੋਲ, ਅਰਥ ਸ਼ਾਸਤਰ ਅਤੇ ਨਾਗਰਿਕ ਸ਼ਾਸਤਰ ਦਾ ਮਿਸ਼ਰਨ ਹੈ। ਇਤਿਹਾਸ ਸਮੇਂ ਸੂਝ ਬਾਰੇ ਗੱਲ ਕਰਦਾ ਹੈ ਅਤੇ ਜਾਣਕਾਰੀ ਦਿੰਦਾ ਹੈ ਕਿ ਅਜੋਕੀ ਜ਼ਿੰਦਗੀ ਕਿਵੇਂ ਹੋਂਦ ਵਿਚ ਆਈ। ਇਹ ਇਤਿਹਾਸ ਅਤੇ ਸੱਭਿਆਚਾਰਿਕ ਵਿਰਸੇ ਦੀ ਜਾਣਕਾਰੀ ਦਿੰਦਾ ਹੈ। ਭੂਗੋਲਿਕ ਅੰਗ ਭਾਵੇਂ ਨਾਗਰਿਕਾਂ ਨੂੰ ਜਗਤ ਪੱਧਰ ਤੋਂ ਹਾਲਾਤ ਦੀ ਪੂਰਣ ਜਾਣਕਾਰੀ ਅਤੇ ਅੰਦਾਜ਼ਾ ਦਿੰਦਾ ਹੈ ਤਾਂ ਜੋ ਸਮਾਜਿਕ ਅਤੇ ਰਾਜਨੀਤਿਕ ਸਮੱਸਿਆਵਾਂ ਬਾਰੇ ਸੋਚਿਆ ਜਾ ਸਕੇ। ਇਸ ਦਾ ਨਾਗਰਿਕ ਹਿੱਸਾ ਘਰ, ਸਕੂਲ, ਰੋਜ਼ਾਨਾ ਜ਼ਿੰਦਗੀ ਵਿਚ ਵਿਦਿਆਰਥੀ ਦੇ ਜੀਵਨ ਅਤੇ ਮੁਲਕ ਦੀ ਜ਼ਿੰਦਗੀ ਵਿਚ ਸਹੀ ਲੋਕਤੰਤਰੀ ਢੰਗ ਨਿਰਧਾਰਿਤ ਕਰਦਾ ਹੈ। ਅਰਥ ਸ਼ਾਸਤਰ ਸਮਾਜ ਦੀਆਂ ਆਰਥਿਕ ਕਿਰਿਆਵਾਂ ਨਾਲ ਵਾਕਫੀਅਤ ਕਰਾਉਂਦਾ ਹੈ ਅਤੇ ਉਸ ਦੀਆਂ ਮੁਢਲੀਆਂ ਲੋੜਾਂ ਬਾਰੇ ਮਸ਼ਵਰਾ ਦਿੰਦਾ ਹੈ। ਵਿਦਿਆਰਥੀਆਂ ਨੂੰ ਸਿਖਲਾਇਆ ਜਾਂਦਾ ਹੈ ਕਿ ਸੀਮਤ ਸਾਧਨਾਂ ਤੋਂ ਵੱਧ ਲਾਭ ਲਿਆ ਜਾਵੇ। ਇਸ ਦਾ ਕੰਮ ਵੱਡੇ ਅਤੇ ਛੋਟੇ ਦੋਹਾਂ ਪੱਧਰਾਂ ਤੋਂ ਯੋਜਨਾ ਬਣਾਉਣਾ ਅਤੇ ਉਸ ਨੂੰ ਲਾਗੂ ਕਰਨਾ ਸਿਖਾਉਣਾ ਹੈ। ਇਸ ਤਰ੍ਹਾਂ ਇਹ ਵਿਸ਼ੇ ਖੇਤਰ ਸ਼ਹੁਤ ਵੱਡਾ ਹੈ, ਕਿਵੇਂ ਉਠਾਇਆ ਜਾ ਸਕਦਾ ਹੈ। ਥੋੜ੍ਹੇ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਨੌਜਵਾਨਾਂ ਨੂੰ ਸਮਾਜਿਕ, ਭੌਤਿਕ ਅਤੇ ਸਭਿਆਚਾਰਕ ਦੁਨੀਆਂ ਦੀ ਜਾਣਕਾਰੀ ਮਨੁੱਖ ਦੇ ਵਾਤਾਵਰਨ ਪ੍ਰਤੀ ਸਬੰਧ, ਮਨੁੱਖ ਦੇ ਅੰਤਰਮੁੱਖੀ ਸਬੰਧ, ਸਮਾਜਿਕ ਕਦਰਾਂ ਕੀਮਤਾਂ, ਇਸ ਸਭ ਕੁਝ ਦਾ ਖੇਤਰ ਤੋਂ ਖੇਤਰ ਤੱਕ ਅਤੇ ਦੇਸ਼ ਤੋਂ ਦੇਸ਼ ਤੱਕ ਦਾ ਅੰਤਰ ਆਦਿ ਇਸ ਜਾਣਕਾਰੀ ਵਿਚ ਮਿਲਾਇਆ ਜਾਂਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਅੱਜ ਦੀ ਪ੍ਰਣਾਲੀ ਨੂੰ ਸਮਝਣ ਲਈ ਉਸ ਦਾ ਇਤਿਹਾਸਕ ਪਿਛੋਕੜ ਵੀ ਜਾਣਿਆ ਜਾਵੇ। ਉਦਾਹਰਣ ਵਜੋਂ, ਜੇ ਕਿਸੇ ਨੇ ਚੀਨ ਦੀ ਆਰਥਿਕ ਪ੍ਰਣਾਲੀ ਬਾਰੇ ਪੜ੍ਹਨਾ ਹੋਵੇ ਤਾਂ ਰੂਸ ਦੀ ਕ੍ਰਾਂਤੀ, ਵਿੱਚ ਮਾਰਕਸਵਾਦ ਦੇ ਜਨਮ ਤੋਂ ਲੈ ਕੇ ਅੱਜ ਤੱਕ ਦਾ ਸਾਰਾ ਇਤਿਹਾਸ ਪੜ੍ਹਨਾ ਜ਼ਰੂਰੀ ਹੋਵੇਗਾ।

ਇਸ ਲਈ ਸਮਾਜਿਕ ਅਧਿਐਨ ਦਾ ਵਿਸ਼ੇ ਖੇਤਰ ਬਹੁਤ ਵੱਡਾ ਹੈ। ਇਸ ਤਰ੍ਹਾਂ ਮਨੁੱਖ ਦੀ ਸਾਰੀ ਜ਼ਿੰਦਗੀ ਸਮਾਜਿਕ ਸਿੱਖਿਆ ਦਾ ਅੰਗ ਬਣ ਜਾਂਦੀ ਹੈ ਕਿਉਂਕਿ ਮਨੁੱਖ ਸਾਰੇ ਜੀਵਨ ਵਿਚ ਅਸਲ ਜੀਵਨ ਪਰਿਸਥਿਤੀਆਂ ਅੰਤਰ ਮਨੁੱਖੀ ਸਬੰਧਾਂ ਭੂਗੋਲਿਕ ਵਾਤਾਵਰਨ ਅਤੇ ਮਨੁੱਖਾਂ ਦੇ ਸਬੰਧਾਂ ਅਤੇ ਕੁਦਰਤੀ ਸਥਿਤੀਆਂ ਵਿਚ ਮਨੁੱਖੀ ਵਤੀਰੇ ਆਦਿ ਨੂੰ ਪੜ੍ਹਨਾ ਹੁੰਦਾ ਹੈ। ਇਨ੍ਹਾਂ ਸਭ ਪਰਿਸਥਿਤੀਆਂ ਵਿਚ ਸਮੇਂ ਸਮੇਂ ਤੇ ਵੱਖੋ ਵੱਖਰੀਆਂ ਸਿੱਖਿਆਵਾਂ ਦੀ ਲੋੜ ਪੈਂਦੀ ਰਹਿੰਦੀ ਹੈ। ਕਿਸੇ ਸਮੇਂ ਇਤਿਹਾਸ ਦੀ ਅਤੇ ਕਿਸੇ ਸਮੇਂ ਭੂਗੋਲ ਦੀ ਲੋੜ ਹੁੰਦੀ ਹੈ। ਕਦੇ ਆਰਥਿਕ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ, ਜਿਨ੍ਹਾਂ ਨੂੰ ਕਿ ਸੁਲਝਾਉਣ ਲਈ ਇਹ ਸਿੱਧਾਂਤ ਲਾਹੇਵੰਦ ਹੁੰਦਾ ਹੈ ਕਿ ਇੱਛਾਵਾਂ ਅਸੀਮਤ ਹਨ ਜਦੋਂ ਕਿ ਸਾਧਨ ਸੀਮਤ ਹਨ। ਅਜਿਹੀ ਸਥਿਤੀ ਵਿਚ ਹੀ ਸੀਮਤ ਸਾਧਨਾਂ ਤੋਂ ਵੱਧ ਤੋਂ ਵੱਧ ਫਾਇਦਾ ਉਠਾਉਣਾ ਹੁੰਦਾ ਹੈ। ਇਸ ਉਦੇਸ਼ ਲਈ ਵਿਅਕਤੀਤੱਵ ਦਾ ਅਜਿਹਾ ਵਿਕਾਸ ਕਰਨਾ ਹੁੰਦਾ ਹੈ ਕਿ ਹਰ ਕੋਈ ਅਜਿਹੀਆਂ ਪਰਿਸਥਿਤੀਆਂ ਵਿਚ ਆਸਾਨੀ ਅਤੇ ਚੰਗੀ ਤਰ੍ਹਾਂ ਨਾਲ ਵਿਚਰ ਸਕੇ ਅਤੇ ਇਹੋ ਹੀ ਆਖਿਆ ਜਾ ਸਕਦਾ ਹੈ ਕਿ ਸਮਾਜਿਕ ਵਿਗਿਆਨ ਵਿਅਕਤੀਗਤ ਸਮਾਜਿਕ ਨਾਗਰਿਕ ਵਤੀਰੇ ਦੇ ਵਿਕਾਸ ਨਾਲ ਸਬੰਧਿਤ ਸਿੱਖਿਆ ਹੈ। ਇਸ ਵਿਦਿਆ ਰਹੀਂ ਅਸੀਂ ਵਿਦਿਆਰਥੀਆਂ ਦੇ ਮਨ ਵਿਚ ਲੋਕਤੰਤਰੀ ਕਦਰਾਂ ਕੀਮਤਾਂ, ਅੰਤਰ-ਰਾਸ਼ਟਰੀ ਏਕਤਾ ਅਤੇ ਸਹਿਯੋਗ ਦੀ ਭਾਵਨਾ ਪੈਦਾ ਕਰ ਸਕਦੇ ਹਾਂ। ਸਮਾਜਿਕ ਅਧਿਐਨ ਦਾ ਵਿਸ਼ਾ ਮਾਨਵਤਾ ਦੇ ਇਤਿਹਾਸ

ਦੀ ਗੁੰਦਵੀ ਜਾਣਕਾਰੀ ਦੇ ਸਕਦਾ ਹੈ, ਜਿਸ ਦੇ ਸਦਕੇ ਵਿਦਿਆਰਥੀ ਦੀ ਸੋਚ ਸ਼ਕਤੀ ਵੱਧ ਸਕਦੀ ਹੈ ਤੇ ਦੇਸ਼ ਦੀ ਉਨਤੀ ਵਿਚ ਉਨ੍ਹਾਂ ਦਾ ਯੋਗਦਾਨ ਦੇਸ਼ ਦੇ ਕੰਮ ਆ ਸਕਦਾ ਹੈ।

### 1.1.7 ਸਮਾਜਿਕ ਅਧਿਐਨ ਅਤੇ ਸਮਾਜਿਕ ਵਿਗਿਆਨ ਵਿਚ ਅੰਤਰ : (Difference between Socal Science and Social Study)

ਸਮਾਜਿਕ ਵਿਗਿਆਨਾ ਦਾ ਸੰਬੰਧ ਖੋਜਾਂ ਅਤੇ ਨਵੇਂ ਪ੍ਰਯੋਗਾਂ ਨਾਲ ਹੈ, ਜਦੋਂ ਕਿ ਅਧਿਐਨ ਦਾ ਸੰਬੰਧ ਮਨੁੱਖੀ ਸਮਾਜ ਦੇ ਵਿਵਹਾਰਿਕ ਅਧਿਐਨ ਨਾਲ ਹੈ। ਉਦਾਹਰਨ ਦੇ ਤੌਰ ਤੇ ਭੂਗੋਲ ਨੂੰ ਸਮਾਜਿਕ ਅਧਿਐਨ ਦੇ ਪੱਖ ਤੋਂ ਪੜ੍ਹਾਉਣ ਸਮੇਂ ਸਾਡਾ ਧਿਆਨ ਭੂਗੋਲ ਦੇ ਵਿਵਹਾਰਿਕ ਪੱਖ ਵਲ ਰਹਿੰਦਾ ਹੈ ਪਰ ਸਮਾਜਿਕ ਵਿਗਿਆਨ ਰੂਪਾਂ ਵਿਚ ਪੜ੍ਹਾਉਦਿਆਂ ਸਾਡਾ ਧਿਆਨ ਵਿਗਿਆਨਿਕ ਪੱਖ ਵੱਲ ਹੁੰਦਾ ਹੈ। ਸਮਾਜਿਕ ਵਿਗਿਆਨ ਬਾਲਗਾਂ ਲਈ ਤਾਂ ਲਾਭਦਾਇਕ ਵਿਸ਼ਾ ਹੈ, ਪਰ ਵਿਦਿਆਰਥੀਆਂ ਵਿਸ਼ੇਸ਼ ਕਰਕੇ ਸਕੂਲ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਸਮਾਜਿਕ ਅਧਿਐਨ ਹੀ ਵਧੇਰੇ ਲਾਭਦਾਇਕ ਹੈ।

ਸਮਾਜਿਕ ਵਿਗਿਆਨ ਬੁਨਿਆਦੀ ਤੌਰ ਤੇ ਇਕ ਸਿਧਾਂਤਕ ਵਿਸ਼ਾ ਹੈ ਪਰ ਸਮਾਜਿਕ ਅਧਿਐਨ ਇਕ ਵਿਹਾਰਿਕ ਵਿਸ਼ਾ ਹੈ। ਸਮਾਜਿਕ ਵਿਗਿਆਨ ਵਿਚ ਮਨੁੱਖੀ ਕਾਰ-ਵਿਹਾਰ ਬਾਰੇ ਵਧੇਰੇ ਸੰਗਠਿਤ ਅਤੇ ਪ੍ਰਮਾਣਿਤ ਸਿੱਖਿਆ ਸ਼ਾਮਲ ਹੁੰਦੀ ਹੈ। ਇਹ ਸੂਤਰ ਬਣਾ ਕੇ ਨਵੇਂ ਕਾਨੂੰਨ ਤੇ ਸਿਧਾਂਤਾਂ ਦੀ ਖੋਜ ਕਰਕੇ ਇਸਨੂੰ ਸਿਧਾਂਤਕ ਬਣਾਉਂਦਾ ਹੈ। ਸਭ ਤੋਂ ਪਹਿਲਾ ਆਮ ਸਮਝ ਜਾਂ ਪਹਿਲਾਂ ਤੋਂ ਹੀ ਨਿਰਧਾਰਿਤ ਜਾਣਕਾਰੀ ਦੇ ਆਧਾਰ ਤੇ ਪਰਿਕਲਪਨਾ ਬਣਾਈ ਜਾਂਦੀ ਹੈ। ਜਦੋਂ ਕਿ ਸਮਾਜਿਕ ਅਧਿਐਨ ਦਾ ਉਦੇਸ਼ ਵਿਦਿਆਰਥੀਆਂ ਨੂੰ ਸਹੀ ਸਿਖਿਆ ਦੇ ਕੇ ਸਮਾਜ ਦੇ ਲਾਭਦਾਇਕ ਸ਼ਹਿਰੀ ਬਣਾਉਣਾ ਹੁੰਦਾ ਹੈ। ਇਹ ਪ੍ਰਯੋਗਾਤਮਿਕ ਕੰਮ ਤੇ ਸਮੱਸਿਆਵਾਂ ਨਾਲ ਸਬੰਧਿਤ ਹੈ।

ਸਮਾਜਿਕ ਅਧਿਐਨ ਦਾ ਕਾਰਜ ਖੇਤਰ ਸਮਾਜਿਕ ਵਿਗਿਆਨਾਂ ਦੇ ਕਾਰਜ ਖੇਤਰ ਨਾਲੋਂ ਘੱਟ ਹੁੰਦਾ ਹੈ। ਸਮਾਜਿਕ ਵਿਗਿਆਨ ਸਮਾਜਿਕ ਵਿਗਿਆਨਾ ਤੋਂ ਲੈਂਦਾ ਹੈ।

### 1.1.8 ਸਾਰ

ਸਮਾਜਿਕ ਅਧਿਐਨ ਆਮ ਤੌਰ ਤੇ ਇਤਿਹਾਸ, ਭੂਗੋਲ, ਅਰਥ ਸ਼ਾਸਤਰ ਅਤੇ ਨਾਗਰਿਕ ਸ਼ਾਸਤਰ ਨਾਲ ਸੰਬੰਧਤ ਹੁੰਦਾ ਹੈ। ਇਨ੍ਹਾਂ ਵਿਸ਼ਿਆਂ ਦਾ ਸਾਰਾ ਗੁੱਟ ਇਕ ਇਕਾਈ ਦੇ ਤੌਰ ਤੇ ਦੇਖਿਆ ਜਾਂਦਾ ਹੈ ਜੋ ਕਿ ਵਿਦਿਆਰਥੀਆਂ ਨੂੰ ਇਹ ਸਮਝਾਉਂਦਾ ਹੈ ਕਿ ਉਨ੍ਹਾਂ ਦੇ ਪਰਿਵਾਰ, ਕੌਮ, ਰਾਜ ਅਤੇ ਮੁਲਕ ਦਾ ਹਿੱਸਾ ਹੁੰਦੇ ਹੋਏ ਸਮਾਜਿਕ ਵਾਤਾਵਰਨ ਵਿਚ ਕਿਵੇਂ ਸਹਿਯੋਗ ਦੇਣਾ ਹੈ, ਸਮਾਜਿਕ ਅਧਿਐਨ ਇਕ ਅਜਿਹਾ ਖੇਤਰ ਹੈ ਜਿਸ ਵਿਚ ਹਰ ਵਿਅਕਤੀ ਆਪਣੀ ਵਿਅਕਤੀਗਤ ਪਛਾਣ ਖੋ ਦਿੰਦਾ ਹੈ। ਇਸ ਦਾ ਨਿਸ਼ਾਨਾ ਸਮਾਜਿਕ ਅਤੇ ਆਰਥਿਕ ਲਾਹੇਵੰਦੀ ਹੈ। ਇਹ ਵਿਅਕਤੀ ਦੀ ਵਿਅਕਤੀ ਪ੍ਰਤੀ ਅਤੇ ਸਮਾਜ/ਦੇਸ਼ ਪ੍ਰਤੀ ਸਬੰਧਾਂ ਦੀ ਸਿੱਖਿਆ ਹੈ। ਇਹ ਵੱਖੋ-ਵੱਖਰੇ ਸਮਾਜਿਕ ਵਿਗਿਆਨਾਂ ਤੋਂ ਜਾਣਕਾਰੀ ਪ੍ਰਾਪਤ ਕਰਦਾ ਹੈ ਅਤੇ ਉਸ ਨੂੰ ਅਸਲ ਜ਼ਿੰਦਗੀ ਵਿਚ ਲਾਗੂ ਕਰਦਾ ਹੈ।

### 1.1.9 ਮੁੱਖ ਨੁਕਤ :-

1. ਸਮਾਜਿਕ ਅਧਿਐਨ ਦਾ ਅਰਥ
2. ਸਮਾਜਿਕ ਵਿਗਿਆਨ ਦਾ ਖੇਤਰ
3. ਸਮਾਜਿਕ ਅਧਿਐਨ ਅਤੇ ਸਮਾਜਿਕ ਵਿਗਿਆਨ ਵਿੱਚ ਅੰਤਰ

### 1.1.10 ਸਵੈ-ਮੁਲਾਂਕਣ ਅਭਿਆਸ :-

1. ਸਮਾਜਿਕ ਵਿਗਿਆਨ ਦਾ ਸਬੰਧ.........ਨਾਲ ਹੈ।
2. ਸਮਾਜਿਕ ਅਧਿਐਨ ਦਾ ਸਬੰਧ.......ਨਾਲ ਹੈ।

3. ਸਮਾਜਿਕ ਵਿਗਿਆਨ ਇਕ ........ਵਿਸ਼ਾ ਹੈ।
4. ਸਮਾਜਿਕ ਅਧਿਐਨ ਇਕ.....ਵਿਸ਼ਾ ਹੈ।

ਉੱਤਰ :- 1. ਖੋਜਾਂ ਅਤੇ ਨਵੇ ਪ੍ਰਯੋਗਾਂ 2. ਮਨੁੱਖੀ ਸਮਾਜ ਦੇ ਵਿਵਹਾਰਿਕ ਅਧਿਐਨ
3. ਸਿਧਾਂਤਕ 4. ਵਿਵਹਾਰਿਕ

### 1.1.11 ਸੁਝਾਏ ਪ੍ਰਸ਼ਨ (Suggested Questions):

1. ਸਮਾਜਿਕ ਅਧਿਐਨ ਬਾਰੇ ਤੁਸੀਂ ਕੀ ਜਾਣਦੇ ਹੋ ?
2. ਸਮਾਜਿਕ ਅਧਿਐਨ ਦਾ ਖੇਤਰ ਬਿਆਨ ਕਰੋ ?
3. ਸਮਾਜਿਕ ਅਧਿਐਨ ਅਤੇ ਸਮਾਜਿਕ ਵਿਗਿਆਨ ਵਿਚ ਕੀ ਅੰਤਰ ਹੈ ਲਿਖੋ

### 1.1.12 ਸੁਝਾਈਆਂ ਪੁਸਤਕਾਂ (Suggested Books):

Sandhu P.K. (2003): Teaching of Social Studies
Kochhar S.K. : Teaching of Social Studies
Aggarwal J.C. (1997) : Teaching of Social Studies A practical approach
Manjeet Kaur & Gurmeet Singh (2004) Teaching of Social Studies
Manjeet Kaur, A.K. Kansal, Chanchal Kumar. : Teaching of Social Studies

**ਸਕੂਲ ਪੱਧਰ ਤੇ ਸਮਾਜਿਕ ਅਧਿਆਪਨ ਦੇ ਉਦੇਸ਼**

**ਪਾਠ ਨੰਬਰ :** 1.2 **ਲੇਖਕ :** ਡਾ. ਮਨਜੀਤ ਕੌਰ

**ਪਾਠ ਦੀ ਬਣਤਰ :**

1.2.1 ਪਾਠ ਦੇ ਉਦੇਸ਼
1.2.2 ਜਾਣ ਪਛਾਣ
1.2.3 ਸਮਾਜਿਕ ਅਧਿਐਨ ਦੇ ਉਦੇਸ਼
1.2.4 ਸਾਰ
1.2.5 ਮੁੱਖ ਨੁਕਤੇ
1.2.6 ਸਵੈ-ਮੁਲਾਂਕਣ ਅਭਿਆਸ
1.2.7 ਸੁਝਾਏ ਪ੍ਰਸ਼ਨ
1.2.8 ਸੁਝਾਈਆਂ ਪੁਸਤਕਾਂ

**1.2.1 ਉਦੇਸ਼ :** ਪਿਆਰੇ ਵਿਦਿਆਰਥੀਓ, ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ :

(1) ਸਮਾਜਿਕ ਅਧਿਐਨ ਨੂੰ ਸਕੂਲ ਵਿਚ ਪੜ੍ਹਾਉਣ ਦੇ ਉਦੇਸ਼ਾਂ ਤੋਂ ਜਾਣੂ ਹੋ ਜਾਵੋਗੇ।

(2) ਸਮਾਜਿਕ ਸਿੱਖਿਆ ਵਿਚ ਉਦੇਸ਼ਾਂ ਦੀ ਕੀ ਮਹੱਤਤਾ ਹੈ ਤੋਂ ਜਾਣੂ ਹੋ ਜਾਵੋਗੇ।

**1.2.2 ਜਾਣ ਪਛਾਣ :-**

**ਸਮਾਜਿਕ ਸਿੱਖਿਆ ਪੜ੍ਹਾਉਣ ਲਈ ਮਹੱਤਵ, ਅਰਥ ਅਤੇ ਸਮੱਗਰੀ ਦੀ ਚੋਣ ਲਈ ਉਦੇਸ਼ਾ ਅਤੇ ਉਦੇਸ਼ਾ ਦਾ ਨਿਰਧਾਰਨ ਜ਼ਰੂਰੀ ਹੈ। ਸਮਾਜਿਕ ਅਧਿਐਨ ਨੂੰ ਪੜ੍ਹਾਉਣ ਦਾ ਉਦੇਸ਼ ਵਿਆਪਕ ਉਦੇਸ਼ਾ ਦਾ ਕ੍ਰਮ ਵਿਚ ਹੋਣਾ ਚਾਹੀਦਾ ਹੈ। Education commission-1964-66)** ਸਮਾਜਿਕ ਅਧਿਅਨ ਦੀ ਇਸ ਤਰਾਂ ਰੂਪ ਰੇਖਾ ਤਿਆਰ ਕੀਤੀ।"ਸਮਾਜਿਕ ਅਧਿਐਨ ਸਿਖਾਉਣ ਦਾ ਉਦੇਸ਼ ਵਿਦਿਆਰਥੀਆਂ ਦੀ ਮਦਦ ਕਰਨਾ ਹੈ ਤਾਕਿ ਉਹਨਾ ਨੂੰ ਵਾਤਾਵਰਣ ਦਾ ਗਿਆਨ ਹੋ ਸਕੇ, ਮਨੁੱਖੀ ਰਿਸ਼ਤਿਆਂ ਦੀ ਸਮਝ ਹੋ ਸਕੇ, ਅਤੇ ਕੁਝ ਰਵੱਈਏ ਅਤੇ ਕਦਰਾਂ-ਕੀਮਤਾਂ ਦੀ ਸਮਝ ਹੋ ਸਕੇ ਤਾਂਕਿ ਉਹ ਆਪਣੇ ਸਮਾਜ, ਰਾਜ ਅਤੇ ਦੇਸ਼ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਬੱਧੀਮਾਨ ਯੋਗਦਾਨ ਪਾ ਸਕਣ।ਭਾਰਤ ਵਿੱਚ ਪ੍ਰਭਾਵਸ਼ਾਲੀ ਸਮਾਜਿਕ ਸਿੱਖਿਆ ਦਾ ਇੱਕ ਪ੍ਰਭਾਵਸ਼ਾਲੀ ਪ੍ਰੋਗ੍ਰਾਮ ਜ਼ਰੂਰੀ ਹੈ,ਚੰਗਾ ਨਾਗਰਿਕ ਅਤੇ ਭਾਵਨਾਤਮਕ ਏਕੀਕਰਨ ਦੇ ਵਿਕਾਸ ਲਈ।"

**1.2.3 ਸਮਾਜਿਕ ਅਧਿਐਨ ਦੇ ਉਦੇਸ਼ :**

ਸਮਾਜਿਕ ਅਧਿਐਨ ਪੜ੍ਹਾਉਣ ਦਾ ਉਦੇਸ਼ ਮਾਨਵਤਾ, ਉਦਾਰਤਾ, ਸਮਾਜਵਾਦ ਅਤੇ ਲੋਕਤੰਤਰ ਦੇ

ਉਦੇਸ਼ ਅਤੇ ਉਨ੍ਹਾਂ ਦੀਆਂ ਕਦਰਾਂ ਨੂੰ ਪਛਾਨਣਾ ਹੈ। ਇਸ ਦੇ ਉਦੇਸ਼ ਵਿਚ ਵੱਧ ਤੋਂ ਵੱਧ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਰਾਜਨੀਤਿਕ ਭਲਾਈ ਵੀ ਆਉਂਦੀ ਹੈ। ਇਸ ਦੁਆਰਾ ਅਸ਼ਾਂਤੀ ਘਟਾ ਕੇ ਅੰਤਰ-ਰਾਸ਼ਟਰੀ ਸਥਿਰਤਾ ਬਹਾਲ ਕੀਤੀ ਜਾਣੀ ਚਾਹੀਦੀ ਹੈ। ਇਹ ਪੰਚਾਇਤ ਅਤੇ ਮਿਊਂਸਪਲ ਕਮੇਟੀ ਤੱਕ ਦੇ ਆਧਾਰ ਤੋਂ ਲੈ ਕੇ ਅੰਤਰ-ਰਾਸ਼ਟਰੀ ਸਹਿਯੋਗ ਤੱਕ ਦੀ ਭਲਾਈ ਦੀ ਗੱਲ ਕਰਦਾ ਹੈ। ਇਹ ਮਨੁੱਖੀ ਸਬੰਧਾਂ ਦੀ, ਉਸ ਦੇ ਮਹੱਤਵ ਦੀ ਅਤੇ ਉਸ ਤੋਂ ਵੱਧ ਤੋਂ ਵੱਧ ਲਾਭ ਉਠਾਉਣ ਦੀ ਗੱਲ ਵੀ ਕਰਦਾ ਹੈ। ਇਹ ਇਤਿਹਾਸਕ, ਆਰਥਿਕ ਅਤੇ ਰਾਜਨੀਤਿਕ ਖਿੱਤੇ ਨਾਲ ਵੀ ਸਬੰਧਿਤ ਹੋ ਸਕਦਾ ਹੈ। ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਮਾਜਿਕ ਅਧਿਐਨ ਦੇ ਬੇਅੰਤ ਨਿਸ਼ਾਨੇ ਅਤੇ ਉਦੇਸ਼ ਹਨ, ਫੇਰ ਵੀ ਕੁਝ ਉਦੇਸ਼ ਹੇਠ ਲਿਖੇ ਅਨੁਸਾਰ ਹਨ :

1. **ਸਮਜਿਕ, ਇਤਿਹਾਸਿਕ ਅਤੇ ਭੂਗੋਲਿਕ ਵਾਤਾਵਰਨ ਦੀ ਜਾਣਕਾਰੀ :** ਸਮਾਜਿਕ, ਇਤਿਹਾਸਿਕ ਅਤੇ ਭੂਗੋਲਿਕ ਵਾਤਾਵਰਨ ਦੀ ਬੀਤ ਚੁੱਕੀ ਅਤੇ ਅਜੋਕੀ ਜਾਣਕਾਰੀ ਦੇਣਾ, ਤਾਂ ਜੋ ਉਸ ਦੇ ਆਧਾਰ ਤੇ ਭਵਿੱਖ ਨਿਰਧਾਰਿਤ ਕੀਤਾ ਜਾ ਸਕੇ। ਇਸ ਉਦੇਸ਼ ਦੀ ਪ੍ਰਾਪਤੀ ਲਈ ਇਕ ਨਿਵੇਕਲੀ ਸਮਝ ਦੀ ਲੋੜ ਹੁੰਦੀ ਹੈ ਜਿਸ ਨਾਲ ਸਮਾਜਿਕ ਅਧਿਐਨ ਨੂੰ ਵੱਡੀ ਹੱਦ ਤੱਕ ਸਮਝਿਆ ਜਾ ਸਕੇ।

2. **ਵਿਰਾਸਤ ਤੋਂ ਜਾਣੂ ਕਰਵਾਉਣਾ :** ਇਸ ਦੁਆਰਾ ਵਿਦਿਆਰਥੀਆਂ ਨੂੰ ਇਸ ਕਾਬਲ ਬਣਾਇਆ ਜਾਣਾ ਚਾਹੀਦਾ ਹੈ ਕਿ ਉਹ ਆਪਣੀ ਵੱਡਮੁੱਲੀ ਵਿਰਾਸਤ ਨੂੰ ਸਮਝ ਸਕਣ। ਇਹ ਸਮਝ ਹੀ ਸਮਾਜਿਕ ਪਰਿਵਰਤਨ ਦਾ ਕਾਰਨ ਬਣਦੀ ਹੈ ਜੋ ਕਿ ਵਿਦਿਅਕ, ਆਰਥਿਕ ਅਤੇ ਸਮਾਜਿਕ ਵਿਕਾਸ ਦਾ ਆਧਾਰ ਹੁੰਦੀ ਹੈ। ਇਸ ਲਈ ਕੁਝ ਅਜਿਹੀਆਂ ਗੱਲਾਂ ਦੀ ਵੀ ਲੋੜ ਹੁੰਦੀ ਹੈ ਜੋ ਕਿ ਆਮ ਨਾਗਰਿਕ ਵਿਚ ਤੰਗਦਿਲੀ, ਕੱਟੜਤਾ ਅਤੇ ਗਿਰਾਵਟ ਵੱਲ ਅਤੇ ਝੁਕਾਵਾਂ ਪ੍ਰਤੀ ਨਫਰਤ ਪੈਦਾ ਕਰ ਸਕੇ। ਇਸ ਨਾਲ ਵਿਦਿਆਰਥੀ ਵਿਚ ਰਾਸ਼ਟਰੀ ਏਕਤਾ ਪ੍ਰਤੀ ਕੰਮ ਕਰਨ ਦੀ ਇੱਛਾ ਵੱਧਦੀ ਹੈ।

3. **ਸਮਾਜਿਕ ਸਮਰੱਥਾ ਤੋਂ ਜਾਣੂ ਕਰਵਾਉਣਾ :** ਇਸ ਦੁਆਰਾ ਸਮਾਜਿਕ ਸਮਰੱਥਾ ਨੂੰ ਵੱਧ ਸਹਾਇਤਾ ਮਿਲਣੀ ਚਾਹੀਦੀ ਹੈ। ਅਸਲ ਵਿਚ ਸਮਾਜਿਕ ਅਧਿਐਨ ਇਕ ਅਜਿਹਾ ਸਮਾਜਿਕ ਵਿਗਿਆਨ ਹੈ ਜੋ ਕਿ ਸਹਿ ਕਾਮਿਆਂ, ਪਰਿਵਾਰ ਦੇ ਮੈਂਬਰਾਂ, ਖੇਤਰੀ ਲੋਕਾਂ ਅਤੇ ਇਨਸਾਨ ਦੇ ਚੰਗੇ ਆਪਸੀ ਸਬੰਧ ਬਣਾਉਣ ਦਾ ਢੰਗ ਦੱਸਦਾ ਹੈ। ਸਮਾਜਿਕ ਵਿਦਿਆ ਮਨੁੱਖੀ ਵਿਕਾਸ ਨਾਲ ਸਬੰਧਿਤ ਹੁੰਦੀ ਹੈ। ਜਦੋਂ ਕਿ ਸਮਾਜਿਕ ਅਧਿਐਨ ਵਧੇਰੇ ਮਨੋਭਾਵਾਂ ਅਤੇ ਉਸਾਰੂ ਕੰਮ ਨਾਲ ਸਬੰਧਤ ਹੁੰਦਾ ਹੈ।

4. **ਲੋਕਤੰਤਰ ਦੀ ਸਿੱਖਿਆ :** ਸਮਜਿਕ ਅਧਿਐਨ ਲੋਕਤੰਤਰੀ ਕਦਰਾਂ ਉਸਾਰਨ ਵਿਚ ਵੀ ਸਹਾਈ ਹੁੰਦਾ ਹੈ। ਇਕ ਇਨਸਾਨ ਹੋਰਾਂ ਦੇ ਸਿਰ ਤੇ ਜ਼ਿੰਦਗੀ ਕਿਉਂ ਨਾ ਮਾਣੇ? ਇਕ ਅਮੀਰ ਵਿਅਕਤੀ, ਗਰੀਬਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਟੈਕਸ ਕਿਉਂ ਦੇਵੇ? ਵਿਦਿਆ ਰਾਜ ਦੇ ਖਰਚੇ ਤੇ ਕਿਉਂ ਦਿੱਤੀ ਜਾਵੇ? ਚੁਣੀ ਹੋਈ ਸਰਕਾਰ ਦੀ ਕੀ ਲੋੜ ਹੈ? ਇਨ੍ਹਾਂ ਸਾਰੇ ਪ੍ਰਸ਼ਨਾਂ ਦੀ ਸਮਝ ਵਿਦਿਆਰਥੀਆਂ ਨੂੰ ਬਾਲਗ ਬਣਨ ਤੋਂ ਪਹਿਲਾਂ ਆ ਜਾਣੀ ਚਾਹੀਦੀ ਹੈ। ਹਰ ਨਾਗਰਿਕ ਨੂੰ ਆਪਣੇ ਫਰਜ਼ਾਂ ਅਤੇ ਅਧਿਕਾਰਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਹਰ ਕੋਈ ਇਸ ਗੱਲ ਨੂੰ ਮਹਿਸੂਸ ਕਰ ਸਕਦਾ ਹੈ ਕਿ ਭਾਰਤੀ ਨਾਗਰਿਕਾਂ ਵਿਚ ਅਧਿਕਾਰਾਂ ਦੀ ਸਮਝ ਤਾਂ ਹੈ ਪਰ ਕਰਤੱਵਾਂ ਦੀ ਬਿਲਕੁਲ ਨਹੀਂ ਹੈ।

ਇਸ ਦਾ ਸਿੱਟਾ ਇਹ ਹੁੰਦਾ ਹੈ ਹੜਤਾਲਾਂ ਅਤੇ ਬੰਦਾਂ ਦੁਆਰਾ ਆਪਣੀਆਂ ਮੰਗਾਂ ਮੰਨਵਾਂ ਲਈਆਂ ਜਾਂਦੀਆਂ ਹਨ, ਹੋਰਾਂ ਨੂੰ ਭਾਵੇਂ ਇਸ ਦਾ ਕਿੰਨਾ ਵੀ ਨੁਕਸਾਨ ਕਿਉਂ ਨਾ ਹੋਵੇ। ਐਸ. ਕੇ. ਕੋਛੜ ਦਾ ਵਿਚਾਰ ਹੈ ਕਿ ਭਾਰਤੀ ਸਕੂਲਾਂ ਵਿਚ ਸਮਾਜਿਕ ਅਧਿਐਨ ਪੜ੍ਹਾਉਣ ਦਾ ਮਨੋਰਥ ਉਚੇਚੇ ਤੌਰ ਤੇ ਲੋਕਤੰਤਰ ਸਬੰਧੀ ਸਿੱਖਿਆ ਦੇਣਾ ਅਤੇ ਇਸ ਦੇ ਆਧਾਰ ਦੀ ਕਦਰ ਮਨ ਵਿਚ ਵਸਾਉਣਾ ਹੋਣਾ ਚਾਹੀਦਾ ਹੈ। ਇਹ ਤੱਥ ਹੈ ਕਿ ਇਹ ਅਜੋਕੇ ਲੋਕਤੰਤਰੀ ਮਾਰਗ ਅਤੇ ਉਦੇਸ਼ ਪੁਰਾਣੇ ਸਮਾਜਿਕ ਅਤੇ ਰਾਜਨੀਤਿਕ ਵੰਨਗੀਆਂ ਤੋਂ ਬਿਲਕੁਲ ਵੱਖਰੇ ਹਨ।

5. **ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਕਦਰਾਂ ਦੀ ਸਿੱਖਿਆ** : ਸਮਾਜਿਕ ਅਧਿਐਨ ਵਿਦਿਆਰਥੀਆਂ ਵਿਚ ਸਹੀ ਕਿਸਮ ਦੇ ਢੰਗਾਂ ਦੀ ਸਮਝ ਅਤੇ ਜਾਣਕਾਰੀ ਭਰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਵਿਦਿਆਰਥੀਆਂ ਵਿਚ ਭੌਤਿਕ ਵਾਤਾਵਰਨ ਅਤੇ ਸਮਾਜਿਕ ਸਹਿਯੋਗ ਦੀ ਜਾਣਕਾਰੀ ਨੂੰ ਵਧਾਉਂਦੀ ਹੈ। ਇਸ ਦੇ ਨਾਲ ਇਹ ਵਿਦਿਆਰਥੀਆਂ ਨੂੰ ਮਨੁੱਖੀ ਲੋੜਾਂ ਅਨੁਸਾਰ ਵੱਧ ਤੋਂ ਵੱਧ ਕਾਰਜ ਕਰਨ ਦੀ ਸਮਝ ਵੀ ਦਿੰਦੀ ਹੈ। ਮਨੁੱਖੀ ਵਤੀਰੇ ਅਤੇ ਮਨੁੱਖੀ ਸਬੰਧ ਰਾਜਨੀਤਿਕ ਆਰਥਿਕ ਅਤੇ ਸਮਾਜਿਕ ਪੱਖ ਤੋਂ ਵੱਖੋ-ਵੱਖਰੇ ਹਨ। ਰਾਜਨੀਤਿਕ ਕਦਰਾਂ ਅਤੇ ਅਧਿਆਤਮਿਕ ਕਦਰਾਂ ਦੇ ਵਿਸ਼ੇ ਖੇਤਰ ਕਈ ਵਾਰੀ ਇਕੱਠੇ ਤੇ ਕਈ ਵਾਰੀ ਵੱਖੋ ਵੱਖਰੇ ਹੁੰਦੇ ਹਨ। ਇਹ ਸਪਸ਼ਟ ਹੋਣਾ ਚਾਹੀਦਾ ਹੈ ਕਿ ਉਪਰੋਕਤ ਕਦਰਾਂ-ਕੀਮਤਾਂ ਦਾ ਸਾਂਝਾ ਅਸਰ ਕੀ ਹੈ? ਅਤੇ ਇਨ੍ਹਾਂ ਦਾ ਵੱਖਰਾ ਵੱਖਰਾ ਮਹੱਤਵ ਕੀ ਹੈ? ਇਹ ਤਾਂ ਹੀ ਸੰਭਵ ਹੈ ਕਿ ਸਮਾਜਿਕ ਅਧਿਐਨ ਅਜਿਹੇ ਪ੍ਰਭਾਵਸ਼ਾਲੀ ਢੰਗ ਨਾਲ ਪੜ੍ਹਾਇਆ ਜਾਵੇ ਕਿ ਇਹ ਮਿਸ਼ਰਤ ਮਨੁੱਖੀ ਸਬੰਧਾਂ ਦੀ ਭਰਪੂਰ ਪੜਚੋਲ ਕਰ ਸਕੇ।

6. **ਭਵਿੱਖ ਵਿਚ ਵਿਸ਼ੇ ਚੋਣ** : ਕਿਸੇ ਵੀ ਖੇਤਰ ਵਿਚ ਵਿਸ਼ੇਸ਼ਤਾ ਹਾਸਲ ਕਰਨ ਲਈ ਜ਼ਰੂਰੀ ਹੈ ਕਿ ਸਮਾਜਿਕ ਅਧਿਐਨ ਦੀ ਮੁਢਲੀ ਜਾਣਕਾਰੀ ਪ੍ਰਾਪਤ ਕਰ ਲਈ ਜਾਵੇ ਤਾਂ ਜੋ ਨਜ਼ਰੀਆ ਵਿਕਸਿਤ ਹੋ ਸਕੇ। ਇਸ ਤਰ੍ਹਾਂ ਹਰ ਕਿਸੇ ਨੂੰ ਆਪਣੇ ਭਵਿੱਖ ਦੀ ਚੋਣ ਵਿਚ ਵੀ ਸਹਾਇਤਾ ਮਿਲਦੀ ਹੈ। ਇਸ ਨਾਲ ਸਿਰਫ ਮਨੁੱਖਾਂ ਨੂੰ ਤਜ਼ਰਬਾ ਹੀ ਨਹੀਂ ਸਗੋਂ ਪ੍ਰਭਾਵਸ਼ਾਲੀ ਢੰਗ ਨਾਲ ਵਿਸ਼ੇ-ਖੇਤਰ ਨੂੰ ਸਮਝਣ ਦਾ ਮੌਕਾ ਵੀ ਮਿਲਦਾ ਹੈ।

7. **ਪ੍ਰਭਾਵਸ਼ਾਲੀ ਸ਼ਖਸ਼ੀਅਤ** : ਸਮਾਜਿਕ ਅਧਿਐਨ ਵਿਅਕਤੀਆਂ ਨੂੰ ਅਜਿਹਾ ਤਜ਼ਰਬਾ ਪ੍ਰਦਾਨ ਕਰਦਾ ਹੈ ਜੋ ਕਿ ਉਨ੍ਹਾਂ ਦੀ ਸ਼ਖਸ਼ੀਅਤ ਦੇ ਵਿਕਾਸ ਵਿਚ ਸਹਾਈ ਹੋਵੇ। ਸਮਾਜਿਕ ਅਧਿਐਨ ਸੋਚ ਦੀ ਲਚਕਤਾ, ਸੁਭਾਵਕਤਾ, ਸ਼ਹਿਨਸ਼ੀਲਤਾ ਤੇ ਸਮੱਸਿਆਵਾਂ ਦਾ ਸਾਹਮਣਾ ਕਰਨ ਦਾ ਹੌਸਲਾ ਆਦਿ ਗੁਣਾਂ ਦਾ ਵਿਕਾਸ ਕਰਦੀ ਹੈ। ਇਹ ਸਾਫ ਸੁਥਰੀ ਅਤੇ ਚੰਗੀ ਸੋਚ ਬਣਾਉਣ ਵਿਚ ਸਹਾਈ ਹੁੰਦੀ ਹੈ। ਇਹ ਸਭ ਗੁਣ ਸ਼ਖਸ਼ੀਅਤ ਦੇ ਵਿਕਾਸ ਲਈ ਸਹਾਈ ਹੁੰਦੇ ਹਨ।

8. **ਸਮਾਜਿਕ ਵਿਕਾਸ** : ਸਮਾਜਿਕ ਅਧਿਐਨ ਸਮਾਜ ਦੇ ਵਿਕਾਸ ਦੀ ਜਾਣਕਾਰੀ ਅਤੇ ਸਮਾਜਿਕ ਪਰਿਵਰਤਨ ਆਦਿ ਲਈ ਵੀ ਜ਼ਰੂਰੀ ਹੈ। ਸਭ ਜਾਣਦੇ ਹਨ ਕਿ ਜਨਸੰਖਿਆ ਦੇ ਵਾਧੇ ਨੂੰ ਕਾਬੂ ਕਰਨ ਲਈ ਭਾਰਤ ਸਰਕਾਰ ਵਲੋਂ ਪਰਿਵਾਰ ਨਿਯੋਜਨ ਸ਼ੁਰੂ ਕੀਤਾ ਗਿਆ ਸੀ। ਕਿਉਂਕਿ ਆਮ ਲੋਕਾਂ ਦਾ ਰਵੱਈਆ ਇਸ ਪ੍ਰੋਗਰਾਮ ਪ੍ਰਤੀ ਸਹੀ ਨਹੀਂ ਸੀ। ਇਸ ਲਈ ਇਹ ਕਾਮਯਾਬ ਨਾ ਹੋ ਸਕਿਆ। ਇਸ ਸਮਾਜਿਕ ਪਰਿਵਰਤਨ ਲਈ ਸਰਕਾਰ ਨੂੰ ਜਨਸੰਖਿਆ ਵਿਦਿਆ ਦੀ ਲੋੜ ਪਈ, ਜੋ ਕਿ ਸਮਾਜਿਕ

ਅਧਿਐਨ ਦਾ ਹਿੱਸਾ ਬਣੀ।

9. **ਜ਼ੁਲਮਾਂ ਦਾ ਵਿਰੋਧ :** ਸਮਾਜਿਕ ਅਧਿਐਨ ਵਿਦਿਆਰਥੀਆਂ ਨੂੰ ਕੌਮ, ਧਰਮ, ਖੇਤਰ ਆਦਿ ਲਈ ਦਿੱਤੀਆਂ ਗਈਆਂ ਕੁਰਬਾਨੀਆਂ ਦੀ ਜਾਣਕਾਰੀ ਦਿੰਦੀ ਹੈ ਜਿਸ ਨਾਲ ਵਿਦਿਆਰਥੀਆਂ ਵਿਚ ਸੰਬੰਧਤਤਾ ਵੱਧਦੀ ਹੈ। ਉਦਾਹਰਨ ਵਜੋਂ ਜੋ ਵੀ ਕੋਈ ਗੁਰੂ ਗੋਬਿੰਦ ਸਿੰਘ ਜੀ ਨੂੰ ਜਾਣਦਾ ਹੈ ਉਹ ਮਾਨਵਤਾ ਅਤੇ ਗਰੀਬਾਂ ਲਈ ਗੁਰੂ ਜੀ ਦੁਆਰਾ ਕੀਤੀ ਕੁਰਬਾਨੀ ਤੇ ਹਮੇਸ਼ਾ ਮਾਣ ਕਰੇਗਾ। ਆਮ ਲੋਕਾਂ ਵਿਚ ਅਜਿਹੀ ਮਹਾਨ ਕੁਰਬਾਨੀ ਦੀ ਤਾਕਤ ਨਹੀਂ ਹੁੰਦੀ ਪਰ ਗੁਰੂ ਜੀ ਦੀ ਕੁਰਬਾਨੀ ਸੁਣਨ ਤੋਂ ਬਾਅਦ ਹਰ ਕੋਈ ਆਪਣੇ ਆਪ ਨੂੰ ਸਬੰਧਤ ਸਮਝਦਾ ਹੈ।

10. **ਵਿਹਲੇ ਸਮੇਂ ਦੀ ਉਚਿਤ ਵਰਤੋਂ :** ਸਮਾਜਿਕ ਅਧਿਐਨ ਵਿਹਲੇ ਸਮੇਂ ਦਾ ਸਹੀ ਉਪਯੋਗ ਵੀ ਸਿਖਾਉਂਦੀ ਹੈ। ਹਰ ਕਿਸੇ ਕੋਲ ਵਿਹਲ ਹੁੰਦੀ ਹੈ। ਕੁਝ ਲੋਕ ਇਸ ਦਾ ਲਾਭ ਉਠਾਉਣਾ ਚਾਹੁੰਦੇ ਹਨ ਜਦੋਂ ਕਿ ਕੁਝ ਇਹਨੂੰ ਵਿਹਲੇ ਬਿਤਾ ਦੇਣਾ ਚਾਹੁੰਦੇ ਹਨ। ਜੇ ਕੋਈ ਵਿਅਕਤੀ ਸਮਾਜਿਕ ਅਧਿਐਨ ਤੋਂ ਜਾਣੂ ਹੈ ਆਪਣਾ ਸਮਾਂ ਸਮਾਜਿਕ ਅਧਿਐਨ ਦੀਆਂ ਵੱਖੋ-ਵੱਖਰੀਆਂ ਸਿੱਖਿਆਵਾਂ ਦੀ ਸਹਾਇਤਾ ਨਾਲ ਅਸਲ ਜ਼ਿੰਦਗੀ ਪਰਿਸਥਿਤੀਆਂ ਵਿਚ ਲਾਭ ਉਠਾ ਸਕਦਾ ਹੈ। ਸਮਾਜਿਕ ਅਧਿਐਨ ਵਿਚ ਪੜ੍ਹਨ ਤੇ ਸਮਝਣ ਲਈ ਬਹੁਤ ਕੁਝ ਹੁੰਦਾ ਹੈ ਜੋ ਕਿ ਵਹਿਲੇ ਸਮੇਂ ਦਾ ਸਹੀ ਉਪਯੋਗ ਹੈ।

11. **ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਜਾਣਕਾਰੀ :** ਜ਼ਿੰਦਗੀ ਸਮੱਸਿਆਵਾਂ ਭਰਪੂਰ ਹੈ ਅਤੇ ਇਹ ਸਮੱਸਿਆਵਾਂ ਜ਼ਿੰਦਗੀ ਦੇ ਵੱਖੋ ਵੱਖਰੇ ਪਹਿਲੂਆਂ ਤੋਂ ਵੇਖਣੀਆਂ ਪੈਂਦੀਆਂ ਹਨ। ਜਿਸ ਕਿਸੇ ਨੂੰ ਆਪਣੇ ਪ੍ਰਤੀ ਅਤੇ ਆਪਣੇ ਵਾਤਾਵਰਣ ਪ੍ਰਤੀ ਸਮਝ ਹੈ, ਸਿਰਫ ਉਹ ਹੀ ਵਿਅਕਤੀ ਜ਼ਿੰਦਗੀ ਵਿਚ ਸੁਲਝੇ ਹੋਏ ਫੈਸਲੇ ਲੈ ਸਕਦਾ ਹੈ। ਅਜਿਹੇ ਸੁਲਝੇ ਹੋਏ ਹੱਲਾਂ ਲਈ ਰਾਜਨੀਤੀ, ਵਣਜ ਵਪਾਰ, ਸਨਅਤੀਕਾਰੀ ਖੇਤਰ, ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਜਾਣਕਾਰੀ ਦੀ ਲੋੜ ਹੁੰਦੀ ਹੈ। ਇਹ ਜਾਣਕਾਰੀ ਹੀ ਸਮਾਜਿਕ ਅਧਿਐਨ ਦਾ ਆਧਾਰ ਪ੍ਰਦਾਨ ਕਰੇਗੀ।

12. **ਕੌਮ ਤੇ ਸਭਿਆਚਾਰ ਪ੍ਰਤੀ ਪਿਆਰ :** ਸਮਾਜਿਕ ਅਧਿਐਨ, ਸਮਾਜਿਕ ਜਾਗਰੂਕਤਾ, ਕੌਮੀ ਭਾਵਨਾ, ਸਭਿਆਚਾਰ ਪ੍ਰਤੀ ਪਿਆਰ, ਕੌਮ ਪ੍ਰਤੀ ਪਿਆਰ ਤੇ ਰਾਸ਼ਟਰੀ ਨੇਤਾਗਿਰੀ ਦੀ ਭਾਵਨਾ ਪੈਦਾ ਕਰਦਾ ਹੈ। ਕੌਣ ਹੈ ਜਿਹੜਾ ਗੁਰੂ ਨਾਨਕ ਦੇਵ ਜੀ ਤੇ ਮਹਾਤਮਾ ਬੁੱਧ ਦੇ ਕੰਮ ਨਾਲ ਸਬੰਧਿਤ ਹੋਣ ਤੇ ਮਾਣ ਨਹੀਂ ਕਰੇਗਾ? ਗੁਰੂ ਨਾਨਕ ਦੇਵ ਜੀ ਸਮਾਜਿਕ ਸਮੱਸਿਆ ਬਾਰੇ ਇਤਨੇ ਜਾਗਰੂਕ ਸਨ ਕਿ ਉਨ੍ਹਾਂ ਨੇ ਸਮਾਜਿਕ ਸਮੱਸਿਆ ਦੇ ਮੁੱਦੇ ਤੇ ਹੀ ਬਾਦਸ਼ਾਹ ਅਕਬਰ ਨੂੰ ਹਿਲਾ ਛੱਡਿਆ। ਇਸ ਤਰ੍ਹਾਂ ਹਰ ਕੋਈ ਅਜਿਹੀ ਕੌਮ ਨਾਲ ਸੰਬੰਧਤ ਹੋਣ ਤੇ ਮਾਣ ਕਰੇਗਾ।

13. **ਅੰਤਰ-ਰਾਸ਼ਟਰੀ ਸਭਿਆਚਾਰ ਦੀ ਜਾਣਕਾਰੀ :** ਸਮਾਜਿਕ ਵਿਗਿਆਨ ਮਨੁੱਖ ਨੂੰ ਸਮਾਜਿਕ ਅਤੇ ਅੰਤਰ-ਰਾਸ਼ਟਰੀ ਸਮਝ ਦਿੰਦੇ ਹਨ। ਸਮੇਂ ਅਤੇ ਸਥਾਨ ਦੇ ਹਿਸਾਬ ਨਾਲ ਦੁਨੀਆਂ ਸੁੰਗੜਦੀ ਜਾ ਰਹੀ ਹੈ। ਹੁਣ ਇਹ ਸੰਭਵ ਹੈ ਕਿ ਨਾਸ਼ਤਾ ਏਸ਼ੀਆ ਵਿਚ ਕੀਤਾ ਜਾਵੇ ਅਤੇ ਦੁਪਹਿਰ ਦੇ ਖਾਣੇ ਲਈ ਦੂਸਰੇ ਮਹਾਂਦੀਪ ਵਿਚ ਪਹੁੰਚ ਜਾਏ। ਇਹ ਤਾਂ ਹੀ ਸੰਭਵ ਹੈ ਕਿ ਜੋ ਵਿਅਕਤੀ ਦੂਸਰੇ ਦੇਸ਼ਾਂ ਦੇ ਲੋਕਾਂ ਅਤੇ ਉਨ੍ਹਾਂ ਦੇ ਰਿਵਾਜ਼ਾਂ ਨੂੰ ਜਾਣਦਾ ਹੋਵੇ। ਸਮਾਜਿਕ ਅਧਿਐਨ ਦੀ ਜਾਣਕਾਰੀ ਕਾਰਨ ਹੀ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸ਼ਾਂਤੀ ਲਈ ਕਾਨਫਰੰਸਾਂ ਕੀਤੀਆਂ ਜਾਂਦੀਆਂ ਹਨ।

14. **ਵਿਕਸਿਤ ਦੇਸ਼ਾਂ ਦੀ ਸਫਲਤਾ ਦੀ ਜਾਣਕਾਰੀ :** ਸਮਾਜਿਕ ਅਧਿਐਨ ਦੂਸਰੇ ਮੁਲਕ ਦੀਆਂ ਆਦਤਾਂ ਅਤੇ ਅਸੂਲਾਂ ਦੀ ਜਾਣਕਾਰੀ ਦਿੰਦੀ ਹੈ। ਇਨ੍ਹਾਂ ਅਸੂਲਾਂ ਤੇ ਚਲਕੇ ਹੀ ਉਨ੍ਹਾਂ ਮੁਲਕਾਂ ਨੇ ਵਿਕਾਸ ਕੀਤਾ ਹੈ। ਉਦਾਹਰਨ ਵਜੋਂ ਬਰਤਾਨਵੀ ਕੌਮ ਪ੍ਰਤੀ ਫਰਜ਼ ਵਿਚ ਰੁੱਝਿਆ ਹੋਵੇ ਤਾਂ ਉਹ ਕਰਤੱਵ ਤੋਂ ਇਲਾਵਾ ਕਿਸੇ ਵੀ ਹੋਰ ਚੀਜ਼ ਨਾਲ ਸਬੰਧਤ ਨਹੀਂ ਹੁੰਦਾ। ਜਦੋਂ ਕਿ ਭਾਰਤ ਵਿਚ ਸ਼ਾਇਦ ਹੀ ਕੋਈ ਆਪਣੇ ਫਰਜ਼ ਪ੍ਰਤੀ ਜਾਗਰੂਕ ਦਿਖਾਈ ਦੇਵੇ। ਭਾਰਤੀ ਲੋਕ ਬਰਤਾਨਵੀ ਨਾਗਰਿਕ ਤੋਂ ਇਹ ਸਿੱਖਿਆ ਪ੍ਰਾਪਤ ਕਰ ਸਕਦੇ ਹਨ। ਇੰਝ ਹੀ ਵਿਕਸਿਤ ਦੇਸ਼ਾਂ ਤੋਂ ਸਮਾਜਿਕ ਅਧਿਐਨ ਦੇ ਖੇਤਰ ਰਾਹੀਂ ਕਈ ਸਿੱਖਿਆਵਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

**1.2.4 ਸਾਰ :**

ਹਰੇਕ ਵਿਸ਼ੇ ਨੂੰ ਪੜ੍ਹਾਉਣ ਦੇ ਕੁੱਝ ਉਦੇਸ਼ ਹੁੰਦੇ ਹਨ ਉਸੀਂ ਤਰ੍ਹਾਂ ਸਮਾਜਿਕ ਅਧਿਐਨ ਨੂੰ ਪੜ੍ਹਾਉਣ ਦੇ ਵੀ ਕੁੱਝ ਵਿਸ਼ੇਸ਼ ਉਦੇਸ਼ ਬਣਾਏ ਗਏ ਹਨ। ਹਰ ਅਧਿਆਪਕ ਨੂੰ ਸਮਾਜਿਕ ਸਿਖਿਆ ਦੇ ਕੀ ਉਦੇਸ਼ ਹਨ ਅਤੇ ਇਹ ਕਿਹੜੇ ਉਦੇਸ਼ਾਂ ਦੀ ਪ੍ਰਾਪਤੀ ਲਈ ਬਣਾਏ ਗਏ ਹਨ ਇਸ ਬਾਰੇ ਪਤਾ ਹੋਣਾ ਚਾਹੀਦਾ ਹੈ। ਉਦੇਸ਼ਾਂ ਤੋ ਬਿਨਾਂ ਅਸੀਂ ਮੰਜ਼ਿਲ ਤਕ ਨਹੀ ਪਹੁੰਚ ਸਕਦੇ। ਸਮਾਜਿਕ ਸਿੱਖਿਆ ਦੇ ਉਦੇਸ਼ ਜਿਵੇਂ ਸਭਿਆਚਾਰਕ ਵਿਰਸੇ ਨੂੰ ਹੋਰ ਅਮੀਰ ਬਣਾਉਣਾ, ਲੋਕਤੰਤਰ ਨਾਗਰਿਕਾਂ ਨੂੰ ਵਧੇਰੇ ਯੋਗ ਬਣਾਉਣਾ। ਲੋਕਾਂ ਵਿਚ ਸਮੇਂ ਕੀ ਸਹੀ ਉਪਯੋਗ ਦੀ ਚੇਤਨਾ ਫੈਲਾਉਣਾ ਅਤੇ ਉਹਨਾਂ ਨੂੰ ਖੇਤਰੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੋਚ ਦੇ ਚੰਗੇ ਨਾਗਰਿਕ ਬਣਾਉਣਾ ਵੀ ਸਮਾਜਿਕ ਸਿੱਸ਼ਖਆ ਦਾ ਕੰਮ ਹੈ।

**1.2.5 ਮੁੱਖ ਨੁਕਤੇ** :-

ਸਮਾਜਿਕ ਅਧਿਐਨ ਦੇ ਉਦੇਸ਼

**1.2.6 ਸਵੈ-ਮੁਲਾਂਕਣ ਅਭਿਆਸ :-**

1. ਸਮਾਜਿਕ ਅਧਿਐਨ ਨਾਲ ਸਾਨੂੰ ਸਮਾਜਿਕ, ਇਤਿਹਾਸਿਕ ਅਤੇ ਭੂਗੋਲਿਕ ਵਾਤਾਵਰਨ ਦੀ ਬੀਤ ਚੁੱਕੀ ਅਤੇ ਅਜੋਕੀ ਜਾਣਕਾਰੀ ਬਾਰੇ ਪਤਾ ਚਲਦਾ ਹੈ। (ਸਹੀ/ਗਲਤ)
2. ਸਮਾਜਿਕ ਅਧਿਐਨ ਸਾਨੂੰ ਲੋਕਤੰਤਰ ਦੀ ਸਿੱਖਿਆ ਪ੍ਰਦਾਨ ਕਰਵਾਉਦਾ ਹੈ। (ਸਹੀ/ਗਲਤ)
3. ਸਮਾਜਿਕ ਅਧਿਐਨ ਦਾ ਮਨੁੱਖ ਦੀ ਸਖਸ਼ੀਅਤ ਦੇ ਵਿਕਾਸ ਵਿਚ ਕੋਈ ਯੋਗਦਾਨ ਨਹੀ ਹੁੰਦਾ। (ਸਹੀ/ਗਲਤ)

ਉੱਤਰ :- 1. ਸਹੀ 2. ਸਹੀ 3. ਗਲਤ

**1.2.7 ਸੁਝਾਏ ਪ੍ਰਸ਼ਨ :**

1. ਸਮਾਜਿਕ ਅਧਿਐਨ ਦੇ ਮੁੱਖ ਉਦੇਸ਼ਾਂ ਤੇ ਚਾਨਣਾ ਪਾਓ ?
2. ਸਮਾਜਿਕ ਅਧਿਐਨ ਦੇ ਉਦੇਸ਼ਾਂ ਦੀ ਕੀ ਮਹੱਤਤਾ ਹੈ?
3. ਸਮਾਜਿਕ ਅਧਿਐਨ ਕੀ ਸਕੂਲ ਪੱਧਰ ਤੇ ਕੀ ਮਹੱਤਤਾ ਹੈ। ਚਾਨਣਾ ਪਾਓ?

**1.2.8 ਸੁਝਾਈਆਂ ਪੁਸਤਕਾਂ (Suggested Books):**


1. ਐਸ. ਕੇ. ਕੋਛੜ : ਸਮਾਜਿਕ ਅਧਿਐਨ ਦਾ ਅਧਿਆਪਨ
2. ਪੀ.ਕੇ. ਸੰਧੂ : ਸਮਾਜਿਕ ਅਧਿਐਨ ਦਾ ਅਧਿਆਪਨ
3. ਏ.ਐਸ.ਕੋਹਲੀ : ਟੀਚਿੰਗ ਆਫ ਸੋਸ਼ਲ ਸਟੱਡੀਜ਼ (ਅੰਗਰੇਜ਼ੀ)
4. ਮਨਜੀਤ ਕੌਰ, ਗੁਰਮੀਤ ਸਿੰਘ : ਟੀਚਿੰਗ ਆਫ ਸੋਸ਼ਲ ਸਟੱਡੀਜ਼ (ਅੰਗਰੇਜ਼ੀ)

ਪਾਠ ਨੰ– 1.3

ਲੇਖਿਕਾ: ਨਿਪੁੰਨਤਾ ਕੌਰ

## ਸਮਾਜਿਕ ਅਧਿਐਨ ਦੀ ਸਿੱਖਿਆ ਦੇਣ ਲਈ ਪਾਠਕ੍ਰਮ ਵਿਧੀਆਂ:ਤਾਲਮੇਲ ਵਿਧੀ, ਸਹਿ-ਸੰਬੰਧ ਵਿਧੀ, ਸੰਕੇਤਕ ਵਿਧੀ, ਚੂੜੀਦਾਰ ਵਿਧੀ, ਏਕੀਕਰਣ ਵਿਧੀ ਅਤੇ ਵਿਰੋਧੀ ਵਿਧੀ

1.3.1 ਪਾਠ ਦੇ ਉਦੇਸ਼
1.3.2 ਭੂਮਿਕਾ
1.3.3 ਸਮਾਜਿਕ ਅਧਿਐਨ ਦੀ ਸਿੱਖਿਆ ਦੇਣ ਲਈ ਪਾਠਕ੍ਰਮ ਵਿਧੀਆ
1.3.3.1 ਤਾਲਮੇਲ ਵਿਧੀ (Coordination Approach)
1.3.3.2 ਸਹਿ-ਸੰਬੰਧਾਂ ਦੀ ਵਿਧੀ (Correlation Approach)
1.3.3.3 ਚੂੜੀਦਾਰ ਵਿਧੀ (Spiral Approach)
1.3.3.4 ਸੰਕੇਤਕ ਵਿਧੀ (Concentering Approach)
1.3.3.5 ਏਕੀਕਰਣ ਵਿਧੀ (Integrated Approach)
1.3.3.6 ਵਿਰੋਧੀ ਵਿਧੀ (Regressive Approach)
1.3.3.4 ਸਾਰਾਂਸ਼
1.3.3.5 ਮੁੱਖ ਨੁਕਤੇ
1.3.3.6 ਸਵੈ –ਮੁਲਾਂਕਣ ਅਭਿਆਸ
1.3.3.7 ਸੁਝਾਏ ਪ੍ਰਸ਼ਨ
1.3.3.8 ਸੁਝਾਈਆਂ ਪੁਸਤਕਾਂ

### 1.3.1 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਹੇਠ ਲਿਖੇ ਤੱਥਾਂ ਤੋਂ ਜਾਣੂ ਹਵੇਗਾ:-

1. ਪਾਠਕ੍ਰਮ ਵਿਧੀਆਂ ਨੂੰ ਸਮਝ ਸਕਣਗੇ।
2. ਸਮਾਜਿਕ ਅਧਿਐਨ ਦੀ ਸਿੱਖਿਆ ਦੇਣ ਦੀਆਂ ਵੱਖ-ਵੱਖ ਪਾਠਕ੍ਰਮ ਵਿਧੀਆਂ ਤੋਂ ਜਾਣੂ ਹੋਣਗੇ।

3. ਇਹਨਾਂ ਵਿਧੀਆਂ ਨੂੰ ਆਪਣੀ ਸਿੱਖਣ ਪ੍ਰਕਿਰਿਆਂ ਵਿਚ ਸ਼ਾਮਿਲ ਕਰਨਗੇ।

**1.3.2 ਭੂਮਿਕਾ**

ਸਮਾਜਿਕ ਅਧਿਐਨ ਬੱਚੇ ਨੂੰ ਆਪਣੇ ਸੁਭਾਅ ਅਤੇ ਵਾਤਾਵਰਣ ਦੇ ਨਿਯਮਬੰਧ ਕਾਰਕਾਂ ਬਾਰੇ ਜਾਣੂ ਕਰਵਾਉਂਦਾ ਹੈ। ਇਕ ਵਿਅਕਤੀ ਨੂੰ ਸਮਾਜਿਕ-ਦਿਮਾਗ, ਸੱਚਾਈ, ਵਫਾਦਾਰੀ, ਸਹਿਨਸ਼ੀਲਤਾਂ ਅਤੇ ਭਾਈਚਾਰੇ ਦੇ ਰੱਵਈਏ ਅਤੇ ਮੁਹਾਰਤਾਂ ਨੂੰ ਵਿਕਸਿਤ ਕਰਨ ਵਿਚ ਸਹਾਇਤਾ ਕਰਦਾ ਹੈ। ਇਹ ਸਮਾਜ ਵਿਚ ਵਿਚਰਣ ਦੇ ਨਵੇਂ ਆਦਰਸ਼ ਅਤੇ ਸੋਚਾਂ ਬਣਾਉਂਦਾ ਹੈ। ਸਮਾਜਿਕ ਅਧਿਐਨ ਦਾ ਪਾਠਕ੍ਰਮ ਬਣਾਉਣਾ ਬਹੁਤ ਹੀ ਕਠਿਨ ਹੈ। ਇਸ ਲਈ, ਜੋ ਵੀ ਬੱਚਿਆਂ ਨੂੰ ਪੜ੍ਹਾਇਆਂ ਜਾਣਾ ਹੈ ਉਹ ਬਹੁਤ ਹੀ ਧਿਆਨ ਪੂਰਵਕ ਚੁਣਿਆ ਜਾਣਾ ਚਾਹੀਦਾ ਹੈ ਤਾਂ ਜੋ ਇਹ ਬੱਚਿਆਂ ਨੂੰ ਵਿਚਾਰ, ਹੁਨਰ, ਰਵੱਈਆ ਅਤੇ ਚੰਗੀ ਨਾਗਰਿਕਤਾ ਅਪਣਾਉਣ ਵਿਚ ਮਦਦ ਕਰੇ। ਸਿੱਖਿਆ ਦੇ ਉਦੇਸ਼ਾਂ ਅਨੁਸਾਰ ਸਮਾਜਿਕ ਅਧਿਐਨ ਦੀ ਸਮੱਗਰੀ ਦਾ ਆਯੋਜਨ ਕੀਤਾ ਜਾਣਾ ਚਾਹੀਦਾ ਹੈ। ਇਸ ਲਈ, ਸਮਾਜਿਕ ਅਧਿਐਨ ਦੇ ਪਾਠਕ੍ਰਮ ਨੂੰ ਵਿਵਸਥਿਤ ਕਰਨ ਲਈ ਵੱਖ-ਵੱਖ ਤਰੀਕਿਆਂ ਬਾਰੇ ਚਰਚਾ ਕਰਨ ਦੀ ਲੋੜ ਹੈ।

**1.3.3 ਸਮਾਜਿਕ ਅਧਿਐਨ ਦੀ ਸਿੱਖਿਆ ਦੇਣ ਲਈ ਪਾਠਕ੍ਰਮ ਵਿਧੀਆਂ**

ਸਮਾਜਿਕ ਅਧਿਐਨ ਦੇ ਪਾਠਕ੍ਰਮ ਬਣਾਉਣ, ਨਿਰਮਾਣ ਅਤੇ ਪ੍ਰਬੰਧਨ ਲਈ ਵੱਖ-ਵੱਖ ਪ੍ਰਕਾਰ ਦੀਆਂ ਵਿਧੀਆਂ ਹਨ। ਇਹ ਵਿਧੀਆਂ ਪ੍ਰਭਾਵਸ਼ਾਲੀ ਅਤੇ ਅਨਕੂਲ ਤਰੀਕੇ ਨਾਲ ਪੜ੍ਹਾਉਣ ਲਈ ਬਹੁਤ ਜ਼ਰੂਰੀ ਹਨ। ਇਹ ਹੇਠ ਲਿਖੇ ਅਨੁਸਾਰ ਹਨ :-

1.***3.3.1 ਤਾਲਮੇਲ ਵਿਧੀ*** *(Coordination Approach)*- ਤਾਲਮੇਲ ਤੋਂ ਭਾਵ ਆਮ ਉਦੇਸ਼ਾ ਦੀ ਪੂਰਤੀ ਵਿਚ ਕਾਰਵਾਈ ਦੀ ਏਕਤਾ ਨੂੰ ਯਕੀਨੀ ਬਣਾਉਣ ਲਈ ਸਮੂਹ ਯਤਨਾਂ ਦੇ ਆਧੁਨਿਕ ਨਮੂਨੇ ਜਾਂ ਪ੍ਰਬੰਧ ਤੋਂ ਹੈ।

ਜੀ.ਆਰ.ਗੈਰੀ ਦੇ ਅਨੁਸਾਰ, "ਤਾਲਮੇਲ ਇਕਸੂਰਤਾਪੂਰਵਕ ਕਾਰਵਾਈਆਂ ਵਿਚ ਸਹੀ ਉਦੇਸ਼, ਸਮੇਂ ਸਿਰ ਅਤੇ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਮੰਤਵ ਲਈ ਸੰਚਾਲਨ ਇਕ ਅਨਰੂਪ ਹੈ।"

ਤਾਲਮੇਲ ਦਾ ਉਦੇਸ਼ ਕਾਰਵਾਈ ਜਾਂ ਟੀਮ-ਕਾਰਜ ਅਤੇ ਮਕਸਦ ਦੀ ਸਹਿਮਤੀ ਦੀ ਘਟਨਾ ਨੂੰ ਸੁਰੱਖਿਅਤ ਕਰਨਾ ਹੈ। ਸਮਾਜਿਕ ਅਧਿਐਨ ਵਿਚ ਇਹ ਵਿਧੀ ਸਮਾਜਿਕ ਵਿਰਾਸਤਾਂ ਦੀ ਪਹਿਚਾਣ ਨੂੰ ਸੁਰੱਖਿਅਤ ਰੱਖਣ ਦੀ ਆਗਿਆ ਦਿੰਦੀ ਹੈ ਪਰ ਉਹਨਾਂ ਵਿਚਾਲੇ ਹੱਦਾਂ ਘੱਟ ਜਾਂ ਅਣਗੌਲੀਆਂ ਕੀਤੀਆਂ ਜਾ ਸਕਦੀਆ ਹਨ।

1.***3.2 ਸਹਿ-ਸੰਬੰਧਾਂ ਦੀ ਵਿਧੀ*** *(Correlation Approach)*- ਸਿੱਖਿਆ ਇਕ ਤਾਲਮੇਲ ਵਾਲੀ ਪ੍ਰਕਿਰਿਆ ਹੈ ਅਤੇ ਸਿੱਖਿਆ ਦਾ ਮੁਖ ਉਦੇਸ਼ ਸਿੱਖਿਆ ਦੇ ਵੱਖ-ਵੱਖ ਭਾਗਾਂ ਵਿਚ ਮੌਜੂਦ 'ਗਿਆਨ ਦੀ ਏਕਤਾ' ਹੈ। ਸਹਿ-ਸੰਬੰਧ ਤੋਂ ਭਾਵ ਹੈ ਵੱਖ-ਵੱਖ ਮਜ਼ਮੂਨਾਂ ਵਿਚ ਰਿਸ਼ਤੇ ਸਥਾਪਿਤ ਕਰਨਾ। ਹਰਬਟ ਨੇ ਪਹਿਲੀ ਵਾਰ ਵੱਖ-ਵੱਖ ਮਜ਼ਮੂਨਾਂ ਵਿਚ ਸੰਬੰਧ ਸਥਾਪਿਤ ਕਰਨ ਦਾ ਵਿਚਾਰ ਪ੍ਰਗਟ ਕੀਤਾ। ਮਨ ਦੀ ਸ਼ਕਤੀ ਇਕ ਦੂਸਰੇ ਨਾਲ ਸੰਬੰਧਿਤ ਨਾ ਹੋਣ ਵਾਲੇ ਹਿੱਸਿਆਂ ਦੀਆਂ ਸਿੱਖਿਆਵਾਂ ਦੀ ਗਿਣਤੀ ਤੇ ਨਿਰਭਰ ਨਹੀਂ ਕਰਦੀ, ਪਰੰਤੂ ਇਕ ਚੰਗੀ ਸਗੰਠਿਤ ਪ੍ਰਣਾਲੀ ਤੇ ਹੈ ਜਿਸ ਵਿਚ ਗਿਆਨ ਦੇ ਸਾਰੇ ਹਿੱਸੇ ਪੜ੍ਹਾਏ ਜਾਂਦੇ ਹਨ ਅਤੇ ਇਕ ਦੂਸਰੇ ਨਾਲ ਆਪਣਾ ਰਿਸ਼ਤਾ ਕਾਇਮ ਕਰਦੇ ਹਨ। ਇਸ ਨੂੰ ਹੀ ਸੰਬੰਧ ਦੇ ਸਿਧਾਂਤ ਵੱਜੋਂ ਜਾਣਿਆ ਜਾਂਦਾ ਹੈ।

ਜੇਕਰ ਅਧਿਆਪਕ ਦਾ ਮਿਆਰ ਵਿਸ਼ਾਲ ਹੋਵੇ ਤੇ ਉਹ ਮਜ਼ਮੂਨਾਂ ਵਿਚ ਸਾਂਝਾਂ ਤੇ ਵਖਰੇਵਿਆ ਦਾ ਡੂੰਘਾ ਗਿਆਨ ਰੱਖਦਾ ਹੋਵੇ ਤਾਂ ਉਹ ਪਹਿਲਾਂ ਯੋਜਨਾਂ ਬਣਾਏ ਵੀ ਉਨ੍ਹਾਂ ਵਿਚ ਰਿਸ਼ਤਿਆਂ ਨੂੰ ਸਥਾਪਿਤ ਕਰਕੇ, ਗਿਆਨ ਪ੍ਰਦਾਨ ਕਰ ਸਕਦਾ ਹੈ।

**ਸਹਿ-ਸੰਬੰਧ ਵਿਧੀ ਦੇ ਉਦੇਸ਼**

1. ਸਮਾਜਿਕ ਅਧਿਐਨ ਦੀ ਸਿੱਖਿਆ ਨੂੰ ਵੱਖ-ਵੱਖ ਵਿਸ਼ਿਆਂ ਨਾਲ ਜੋੜ ਕੇ ਪਾਠਕ੍ਰਮ ਦੇ ਬੋਝ ਨੂੰ ਘੱਟ ਕਰਨਾ।
2. ਪਾਠ ਨੂੰ ਦੂਜੇ ਵਿਸ਼ਿਆਂ ਨਾਲ ਜੋੜ ਕੇ ਉਸ ਵਿਚ ਦਿਲਚਸਪੀ ਵਧਾਉਣਾ।
3. ਗਿਆਨ ਦੀ ਵਿਭਿੰਨਤਾ ਅਤੇ ਗਿਆਨ ਦੇ ਏਕੀਕਰਣ ਨੂੰ ਸਮਝਣਾ।
4. ਵਿਦਿਆਰਥੀਆਂ ਨੂੰ ਸਹਿ ਸੰਬੰਧ ਦੁਆਰਾ ਸਿੱਖਿਆ ਦੇ ਵਿਹਾਰਕ ਰੂਪ ਬਾਰੇ ਸਮਝਾਉਣਾ।
5. ਵਿਦਿਆਰਥੀਆਂ ਵਿਚ ਸਹਿ ਸੰਬੰਧ ਦੁਆਰਾ ਸਮਾਜਿਕ ਗੁਣਾਂ ਦਾ ਵਿਕਾਸ ਕਰਨਾ।
6. ਵੱਖ-ਵੱਖ ਵਿਸ਼ਿਆਂ ਨੂੰ ਜੋੜ ਕੇ ਮਨੁੱਖੀ ਸੰਬੰਧਾਂ ਨੂੰ ਸਮਝਣਾ।

**ਸਹਿ ਸੰਬੰਧ ਵਿਧੀਆਂ-** ਸਹਿ ਸੰਬੰਧ ਵਿਧੀਆਂ ਤਿੰਨ ਪ੍ਰਕਾਰ ਦੀਆਂ ਹਨ। ਜੋ ਹੇਠ ਲਿਖੇ ਅਨੁਸਾਰ ਹੈ।

**(1) ਲੰਬਕਾਰੀ/ਬਾਹਰੀ ਸਹਿ-ਸੰਬੰਧ-** ਵਿਸ਼ੇ ਦੇ ਵੱਖ-ਵੱਖ ਭਾਗ ਆਪਸ ਵਿਚ ਸੰਬੰਧਤ ਹੁੰਦੇ ਹਨ। ਜਿਵੇਂ ਕਿ: ਭੂਗੋਲ ਅਧਿਆਪਕ ਮਨੁੱਖੀ ਭੂਗੋਲ ਜਾਂ ਆਰਥਿਕ ਭੂਗੋਲ ਦੇ ਨਾਲ ਰਾਜਨੀਤਿਕ ਭੂਗੋਲ ਜਾਂ

ਇਤਿਹਾਸਕ ਭੂਗੋਲ ਦੇ ਨਾਲ ਭੌਤਿਕ ਭੂਗੋਲ ਦੇ ਸੰਬੰਧਾਂ ਨੂੰ ਪੜ੍ਹਾ ਸਕਦਾ ਹੈ। ਇਸ ਤਰ੍ਹਾਂ ਅਧਿਆਪਕ ਪੜ੍ਹਾਉਂਦੇ ਸਮੇਂ ਵੱਖ-ਵੱਖ ਭਾਗਾਂ ਨੂੰ ਜੋੜ ਕੇ ਵਿਸ਼ੇ ਨੂੰ ਹੋਰ ਦਿਲਚਸਪ ਬਣਾ ਸਕਦਾ ਹੈ।

**(2) ਖਿਤਿਜੀ/ਅੰਦਰੂਨੀ ਸਹਿ ਸੰਬੰਧ-** ਇਸ ਕਿਸਮ ਦਾ ਸੰਬੰਧ ਪਾਠਕ੍ਰਮ ਦੇ ਵੱਖ-ਵੱਖ ਵਿਸ਼ਿਆਂ ਜਾਂ ਇਕ ਦਿੱਤੇ ਸਕੂਲੀ ਵਿਸ਼ੇ ਦੇ ਵਿਚਕਾਰ ਹੁੰਦਾ ਹੈ। ਸਕੂਲ ਦੇ ਪਾਠਕ੍ਰਮ ਦੇ ਸਾਰੇ ਵਿਸ਼ੇ ਸਿੱਖਿਆ ਦੇ ਟੀਚਿਆਂ ਦੀ ਪ੍ਰਾਪਤੀ ਵੱਲ ਯੋਗਦਾਨ ਪਾਉਂਦੇ ਹਨ। ਇਹ ਦੋ ਪ੍ਰਕਾਰ ਦਾ ਹੁੰਦਾ ਹੈ।

**(ੳ) ਇਤਫ਼ਾਕੀ ਸਹਿ ਸੰਬੰਧ-** ਇਸ ਵਿਚ ਅਧਿਆਪਕ ਇਕ ਵਿਸ਼ੇ ਨੂੰ ਦਿਲਚਸਪ ਤਰੀਕੇ ਨਾਲ ਪੜ੍ਹਾਉਣ ਲਈ ਵੱਖ-ਵੱਖ ਵਿਸ਼ਿਆਂ ਦੇ ਭਾਗਾਂ ਨੂੰ ਜੋੜ ਕੇ ਪੜ੍ਹਾਉਂਦਾ ਹੈ। ਇਹ ਯੋਜਨਾਬੱਧ ਨਹੀਂ ਹੁੰਦਾ ਭਾਵ ਸੰਬੰਧ ਸਥਾਪਿਤ ਕਰਨ ਲਈ ਕੋਈ ਚੇਤੰਨ ਜਾਂ ਵਿਵਸਥਾਪਿਕ ਕੋਸ਼ਿਸ਼ ਨਹੀਂ ਕੀਤੀ ਜਾਂਦੀ ਹੈ। ਜਿਵੇਂ ਕਿ: ਜੇਕਰ ਕੋਈ ਅਧਿਆਪਕ ਸਿੰਧੂ ਘਾਟੀ ਦੀ ਸਭਿਅਤਾ ਦੇ ਬਾਰੇ ਵਿਚ ਪੜ੍ਹਾਉਂਣਾ ਚਾਹੁੰਦਾ ਹੈ ਤਾਂ ਉਹ ਉਸ ਦੇ ਵਿਕਾਸ ਤੇ ਵਿਨਾਸ਼ ਦੇ ਬਾਰੇ ਦੱਸਣ ਤੋਂ ਪਹਿਲਾਂ ਉਸ ਦੇ ਵਾਤਾਵਰਣ, ਵਾਤਾਵਰਣ ਦੇ ਵਿਕਾਸ ਉੱਤੇ ਪ੍ਰਭਾਵ ਨੂੰ ਪਹਿਲਾਂ ਦੱਸੇਗਾ।

**(ਅ) ਯੋਜਨਾਬੱਧ ਸਹਿ-ਸੰਬੰਧ-** ਇਸ ਵਿਧੀ ਵਿਚ ਇਕ ਵਿਸ਼ੇ ਨੂੰ ਪੜਾਉਣ ਲਈ ਵੱਖ-ਵੱਖ ਵਿਸ਼ਿਆਂ ਦੇ ਵਿਸ਼ਾ-ਵਸਤੂ ਨੂੰ ਚੁਣਿਆ ਜਾਂਦਾ ਹੈ। ਤਾਂ ਜੋ ਇਕ ਵਿਸ਼ੇ ਵਿਚ ਪੜ੍ਹਾਇਆ ਗਿਆ ਵਿਸ਼ਾ-ਵਸਤੂ ਦੂਸਰੇ ਵਿਸ਼ੇ ਵਿਚ ਵੀ ਵਰਤਿਆਂ ਜਾ ਸਕੇ।

**(3) ਜੀਵਨ ਨਾਲ ਸੰਬੰਧ-** ਵਿਸ਼ੇ ਵਿਚ ਦਿਲਚਸਪੀ ਪੈਦਾ ਕਰਨ ਲਈ ਵਿਸ਼ੇ ਦਾ ਰੋਜ਼ਾਨਾਂ ਜੀਵਨ ਨਾਲ ਸੰਬੰਧ ਬੇਹਦ ਮਹੱਤਵਪੂਰਨ ਹੈ। ਰੋਜ਼ਾਨਾ ਜੀਵਨ ਨਾਲ ਸੰਬੰਧ ਵਿਸ਼ੇ ਨੂੰ ਨਾ ਸਿਰਫ਼ ਅਨਕੂਲ ਬਣਾਉਂਦਾ ਹੈ ਨਾਲ ਹੀ ਇਹ ਸਿਧਾਂਤ ਨੂੰ ਵਿਹਾਰਕ ਰੂਪ ਵੀ ਦੇਦਾਂ ਹੈ। ਉਦਾਹਰਣ ਦੇ ਲਈ, ਸਮਾਜਿਕ ਅਧਿਐਨ ਦਾ ਭਾਸ਼ਾ, ਵਿਗਿਆਨ, ਗਣਿਤ ਆਦਿ ਨਾਲ ਸੰਬੰਧ।

**ਸਹਿ ਸੰਬੰਧ ਵਿਧੀ ਦਾ ਉਪਯੋਗ-** ਸਹਿ ਸੰਬੰਧ ਵਿਧੀ ਦੇ ਉਪਯੋਗ ਹੇਠ ਲਿਖੇ ਹਨ:-

1. ਸਾਰੇ ਵਿਸ਼ਿਆ ਦਾ ਟੀਚਾ ਵਿਦਿਆਰਥੀਆਂ ਦੀ ਬੌਧਿਕ ਤਾਕਤ ਨੂੰ ਪੂਰਨ-ਰੂਪ ਵਿਚ ਵਿਕਸਿਤ ਕਰਨਾ ਹੈ। ਇਸ ਲਈ ਇਕ ਵਿਸ਼ੇ ਦਾ ਦੂਜੇ ਵਿਸ਼ੇ ਨਾਲ ਸੰਬੰਧ ਜੋੜਨਾ ਜਰੂਰੀ ਹੋ ਜਾਂਦਾ ਹੈ।
2. ਗਿਆਨ ਵੱਖ-ਵੱਖ ਹਿੱਸਿਆਂ ਵਿਚ ਵੰਡਿਆ ਹੁੰਦਾ ਹੈ। ਇਸ ਲਈ ਪੁਰਾਣੇ ਗਿਆਨ ਨੂੰ ਨਵੇਂ ਨਾਲ ਜੋੜਨਾ ਚਾਹੀਦਾ ਹੈ।

3. ਵਿਸ਼ਿਆ ਨੂੰ ਰੋਜ਼ਾਨਾ ਜਿੰਦਗੀ ਨਾਲ ਜੋੜਨ ਤੇ ਗਿਆਨ ਵੱਧਦਾ ਹੈ ਤੇ ਉਪਯੋਗੀ ਬਣਦਾ ਹੈ।
4. ਇਹ ਗਿਆਨ ਨੂੰ ਠੋਸ ਅਤੇ ਸਥਾਈ ਬਣਾਉਂਦਾ ਹੈ।
5. ਇਹ ਮਾਨਸਿਕ ਯੋਗਤਾਵਾਂ ਜਿਵੇਂ ਕਲਪਨਾ ਦੀ ਸ਼ਕਤੀ, ਤਰਕਪੂਰਣ ਸੋਚ ਅਤੇ ਵਿਦਿਆਰਥੀਆਂ ਦੀ ਵਿਸ਼ਲੇਸ਼ਣ ਸ਼ਕਤੀ ਨੂੰ ਵਿਕਸਿਤ ਕਰਦਾ ਹੈ, ਕਿਉਂਕਿ ਇਹ ਇਕ ਸੰਚਾਰਿਤ ਗਿਆਨ ਨੂੰ ਦੂਜੇ ਨਾਲ ਆਸਾਨੀ ਨਾਲ ਜੋੜ ਸਕਦੇ ਹਨ।
6. ਇਹ ਵਿਦਿਆਰਥੀਆਂ ਨੂੰ ਥੋੜ੍ਹੇ ਜਿਹੇ ਸਮੇਂ ਵਿਚ ਗਿਆਨ ਪ੍ਰਾਪਤ ਕਰਨ ਦੇ ਯੋਗ ਬਣਾਉਂਦਾ ਹੈ।
7. ਇਹ ਪਾਠਕ੍ਰਮ ਦੇ ਬੋਝ ਨੂੰ ਹਲਕਾ ਕਰਨ ਵਿਚ ਮਦਦ ਕਰਦਾ ਹੈ।

1.***3.3.3 ਚੂੜੀਦਾਰ ਵਿਧੀ*** *(Spiral Approach)*- ਚੂੜੀਦਾਰ ਵਿਧੀ ਸਿੱਖਿਆ ਦੀ ਉਹ ਵਿਧੀ ਹੈ ਜਿਸ ਵਿਚ ਵੇਰਵਿਆਂ ਦੀ ਚਿੰਤਾਂ ਕੀਤੇ ਬਗੈਰ ਇਸ ਦੇ ਬੁਨਿਆਦੀ ਤੱਥ ਸਿੱਖੇ ਜਾਂਦੇ ਹਨ। ਜਿਵੇਂ-ਜਿਵੇਂ ਸਿੱਖਣ ਪ੍ਰਕਿਰਿਆ ਵਿਚ ਉਨਤੀ ਹੁੰਦੀ ਹੈ, ਵਧੇਰੇ ਵੇਰਵਿਆਂ ਨੂੰ ਪੇਸ਼ ਕੀਤਾ ਜਾਂਦਾ ਹੈ, ਜਦਕਿ ਉਸ ਸਮੇਂ ਉਹ ਮੂਲ ਗੱਲਾਂ ਨਾਲ ਸੰਬੰਧਤ ਹੁੰਦੇ ਹਨ, ਜਿੰਨ੍ਹਾਂ ਨੂੰ ਲੰਬੇ ਸਮੇਂ ਦੀ ਮੈਮੋਰੀ ਵਿਚ ਦਾਖ਼ਲ ਹੋਣ ਲਈ ਕਈ ਵਾਰ ਦੁਬਾਰਾ ਜ਼ੋਰ ਦਿੱਤਾ ਜਾਂਦਾ ਹੈ।

**ਚੂੜੀਦਾਰ ਵਿਧੀ ਦੇ ਸਿਧਾਂਤ**

1. ਮਲਵੀ ਤਰੱਕੀ ਦਾ ਸਿਧਾਂਤ
2. ਸਮੱਗਰੀ ਦੀ ਸਮਾਜਿਕ ਮਹੱਤਤਾ
3. ਸੰਚਿਤ ਰਿਕਾਰਡ ਦਾ ਸਿਧਾਂਤ
4. ਸਮਾਜਿਕ ਪਾਠਕ੍ਰਮ ਦੀ ਮਹੱਤਤਾ
5. ਵਿਸ਼ੇਸ਼ਕਾਲ ਵਿਚ ਤਰੱਕੀ ਦਾ ਸਿਧਾਂਤ
6. ਏਕੀਕ੍ਰਿਤ ਦਾ ਸਿਧਾਂਤ

**ਚੂੜੀਦਾਰ ਵਿਧੀ ਦੀਆਂ ਵਿਸ਼ੇਸ਼ਤਾਵਾਂ**

**(ੳ) ਸਹਿ-ਸੰਬੰਧਤਾ-** ਇਸ ਵਿਚ ਸੁਝਾਤਮਿਕ ਢੰਗ ਨਾਲ ਸਹਿ-ਸੰਬੰਧਿਤ ਵਿਧੀ ਤੇ ਏਕੀਕਰਣ ਵਿਧੀ ਆਪ ਹੀ ਆ ਜਾਂਦੀ ਹੈ।

**(ਅ) ਸਮਾਜਿਕ ਵਿਗਿਆਨ ਦੀ ਮਹੱਤਤਾ-** ਇਸ ਵਿਚ ਸਮਾਜਿਕ ਵਿਗਿਆਨ ਦੀ ਮਹੱਤਤਾ ਵੱਧਦੀ ਹੈ।

**(ੲ) ਸੰਬੰਧਤ-** ਇਸ ਨਾਲ ਸੈਕੰਡਰੀ ਪੱਧਰ ਦੇ ਸਮਾਜਿਕ ਅਧਿਐਨ ਦੀ ਮਹੱਤਤਾ ਵੱਧਦੀ ਹੈ।

**(ਸ) ਸਮਾਂ-ਕੇਂਦਰਤ-** ਇਹ ਵਿਧੀ ਸਮਾਂ-ਕੇਂਦਰਤ ਹੁੰਦੀ ਹੈ ਤੇ ਉਸ ਨੂੰ ਲੜੀ ਵਿਚ ਪਰੋਂਦੀ ਹੈ।

**(ਹ) ਪੜ੍ਹਾਉਣ ਤੇ ਸਿੱਖਣ ਦੇ ਸਿਧਾਂਤ ਤੇ ਆਧਾਰਿਤ-** ਇਸ ਵਿਚ ਸਮਾਜਿਕ ਅਧਿਐਨ ਦੇ ਸਿੱਖਣ ਤੇ ਪੜ੍ਹਾਉਣ ਦੀਆਂ ਵਿਧੀਆਂ ਦਾ ਧਿਆਨ ਰੱਖਿਆ ਜਾਂਦਾ ਹੈ।

**(ਕ) ਵਿਉਂਤਬੱਧ-** ਇਹ ਵਿਉਂਤਬੱਧ ਤੇ ਖੁੱਲ੍ਹੇ ਭਾਂਤ ਦੀ ਕਿਰਿਆ ਹੁੰਦੀ ਹੈ।

**(ਖ) ਏਕੀਕ੍ਰਿਤ-** ਇਸ ਰਾਹੀਂ ਮਹੱਤਵਪੂਰਨ ਢੰਗ ਨਾਲ ਸਮਾਜ ਤੇ ਵਿਅਕਤੀ ਦੀ ਤਰੱਕੀ ਨੂੰ ਇਤਿਹਾਸਕ, ਅਰਥ-ਸ਼ਾਸਤਰ, ਸਿਆਸੀ ਢੰਗਾਂ ਨਾਲ ਜੋੜਿਆ ਜਾਂਦਾ ਹੈ।

**(ਗ) ਗੁੰਝਲਾਂ ਨੂੰ ਸੁਲਝਾਉਣਾ-** ਇਸ ਵਿਚ ਸਮਾਜਿਕ ਵਿਗਿਆਨ ਦੀਆਂ ਗੁੰਝਲਾਂ ਸੁਲਝਦੀਆਂ ਹਨ।

**ਚੂੜੀਦਾਰ ਵਿਧੀ ਦੀਆਂ ਸੀਮਾਵਾਂ**

1. ਢਾਂਚੇ ਦਾ ਵਿਉਂਤਬੰਦ ਨਾ ਹੋਣਾ- ਇਸ ਭਾਂਤ ਦਾ ਢਾਂਚਾ ਵਿਉਂਤਬੰਦ ਨਹੀਂ ਹੁੰਦਾ।
2. ਗੁੰਝਲਦਾਰ- ਇਹ ਵਿਧੀ ਗੁੰਝਲਦਾਰ ਹੁੰਦੀ ਹੈ।
3. ਪ੍ਰਯੋਗ ਕਰਨ ਵਿਚ ਮੁਸ਼ਕਿਲ- ਇਹ ਵਿਧੀ ਇੰਨੀ ਸੂਝਾਤਮਿਕ ਹੈ ਕਿ ਹਰ ਅਧਿਆਪਕ ਇਸ ਦਾ ਪ੍ਰਯੋਗ ਨਹੀਂ ਕਰ ਸਕਦਾ।

***1.3.3.4 ਸੰਕੇਤਿਕ ਵਿਧੀ*** *(Concentering Approach)* - ਇਸ ਦਾ ਮੂਲ ਆਧਾਰ ਮਨੋਵਿਗਿਆਨਕ ਅਸੂਲ, ਸਧਾਰਣ ਤੋਂ ਗੰਝਲਦਾਰ ਵੱਲ ਨੂੰ ਲੈ ਕੇ ਜਾਣਾ ਹੁੰਦਾ ਹੈ। ਸੰਕੇਤਿਕ ਵਿਧੀ ਪੜ੍ਹਾਉਣ ਤੇ ਸਿੱਖਣ ਦੇ ਸਿਧਾਂਤ ਤੇ ਆਧਾਰਿਤ ਹੈ। ਸਮਾਜਿਕ ਅਧਿਐਨ ਦਾ ਪਾਠਕ੍ਰਮ ਬੱਚੇ ਦੇ ਸ਼ੁਰੂਆਤੀ ਅਤੇ ਵੱਧਦੇ ਹੋਏ ਤਜ਼ਰਬਿਆਂ ਦੇ ਆਲੇ-ਦੁਆਲੇ ਬਣਾਇਆ ਜਾਂਦਾ ਹੈ। ਇਸ ਵਿਧੀ ਦੇ ਅਨੁਸਾਰ ਪ੍ਰਾਇਮਰੀ ਸ਼੍ਰੇਣੀਆਂ ਵਿਚ ਬੱਚਾ ਸਾਧਾਰਨ ਧਾਰਨਾਵਾਂ ਤੋਂ ਆਪਣੀਆਂ ਰੋਜ਼ਾਨਾਂ ਜੀਵਨ ਦੀਆਂ ਗਤੀਵਿਧੀਆਂ ਕਰਦਾ ਹੈ। ਮਿਡਲ ਤੇ ਹਾਈ ਸਕੂਲ ਦੀਆਂ ਸ਼੍ਰੇਣੀਆਂ ਵਿਚ ਉਨ੍ਹਾਂ ਨੂੰ ਹੋਰ ਕਠਿਨ ਸਮੱਸਿਆਵਾਂ ਨੂੰ ਸਮਝਣ ਦੀ ਲੋੜ ਹੁੰਦੀ ਹੈ। ਇਸ ਦੇ ਸਿੱਟੇ ਵੱਜੋਂ ਉਨ੍ਹਾਂ ਦੀ ਧਾਰਨਾ ਬਣਾਉਣ ਦੀ ਸ਼ਕਤੀ ਨੂੰ ਮੁੜ ਨਵੇਂ ਸਿਰ ਤੋਂ ਵਿਉਂਤਬੱਧ ਕਰਨਾ ਪੈਂਦਾ ਹੈ ਤੇ ਇਸ ਅਨੁਸਾਰ ਕਿਰਿਆਵਾਂ ਬਣਾਉਣੀਆਂ ਪੈਂਦੀਆਂ ਹਨ। ਜਿਨ੍ਹਾਂ ਉਹ ਵਧੇਰੇ ਪਰਪੱਕ ਹੁੰਦਾ ਜਾਂਦਾ ਹੈ, ਉਨ੍ਹੀ ਹੀ ਉਸ ਦੀ ਸਮਝਦਾਰੀ ਤੇ ਧਾਰਨਾ ਬਣਾਉਣ ਦੀ ਸ਼ਕਤੀ ਵੱਧਦੀ ਜਾਂਦੀ ਹੈ। ਇਸ ਸਮੱਗਰੀ ਦੇ ਸਗੰਠਨ ਦੀ ਵਿਧੀ ਇਸ ਪ੍ਰਕਾਰ ਦੀ ਹੁੰਦੀ ਹੈ ਕਿ ਜੋ ਕੁੱਝ ਵੀ ਵਿਦਿਆਰਥੀ ਸਿੱਖਦਾ ਹੈ, ਉਹ ਆਪਣੇ ਆਪ ਵਿਚ ਇਕ ਸੰਪੂਰਨ ਇਕਾਈ ਹੁੰਦਾ ਹੈ। ਪਰ ਇਸ ਦੇ ਨਾਲ ਹੀ ਉਹ ਉਸ ਵਿਚ ਵਾਧਾ

ਕਰਨ ਦੀ ਵਿੱਥ ਵੀ ਰੱਖਦਾ ਹੈ, ਜਿਸ ਵਿਚ ਹੋਰ ਗਿਆਨ ਗ੍ਰਹਿਣ ਕਰਕੇ ਉਸ ਵਿਚ ਸਮਝਦਾਰੀ ਤੇ ਪਰਪੱਕਤਾ ਨੂੰ ਵਧਾਉਂਦਾ ਹੈ। ਇਸ ਵਿਧੀ ਵਿਚ, ਵਿਸ਼ਾ-ਵਸਤੂ ਨੂੰ ਸਿੱਖਿਆ ਦੇ ਹਰ ਪੱਧਰ ਤੇ ਇੱਕਠ ਦੇ ਰੂਪ ਵਿਚ ਲਿਆ ਜਾਂਦਾ ਹੈ। ਉਦਾਹਰਣ ਦੇ ਤੌਰ ਤੇ: **ਅਜ਼ਾਦੀ ਦੀ ਲਹਿਰ ਦਾ ਵਿਸ਼ਾ**

- ਪ੍ਰਾਇਮਰੀ ਪੱਧਰ ਤੇ- ਆਜ਼ਾਦੀ ਦੀ ਲਹਿਰ ਦੇ ਨੇਤਾਵਾਂ ਬਾਰੇ ਜਾਣਕਾਰੀ ਦੇਣਾ।
- ਮਿਡਲ ਪੱਧਰ ਤੇ - ਸੰਬੰਧਤ ਘਟਨਾਵਾਂ ਅਤੇ ਸੰਸਥਾਵਾਂ ਬਾਰੇ ਜਾਣਕਾਰੀ ਦੇਣਾ।
- ਹਾਈ ਪੱਧਰ ਤੇ- ਆਜ਼ਾਦੀ ਦੇ ਸ਼ੰਘਰਸ਼ ਦੇ ਬਹੁ-ਅਯਾਮੀ ਯਤਨਾਂ ਬਾਰੇ ਸਮਝਾਉਣਾ।

**ਸੰਕੇਤਕ ਵਿਧੀ ਦੀਆਂ ਵਿਸ਼ੇਸ਼ਤਾਵਾਂ**

1. ਮਨੋਵਿਗਿਆਨਕ ਪੱਖ ਤੋਂ ਉਚਿਤ
2. ਇਸ ਵਿਧੀ ਵਿਚ ਸਾਧਾਰਣ ਰਾਹ ਹੁੰਦਾ ਹੈ।
3. ਇਹ ਸਿਲਸਿਲੇਵਾਰ ਹੁੰਦੀ ਹੈ ਤੇ ਇਸ ਦਾ ਹਰ ਅਗਲਾ ਭਾਗ, ਪਿਛਲੇ ਭਾਗ ਤੇ ਆਧਾਰਿਤ ਹੁੰਦਾ ਹੈ।
4. ਇਹ ਬੱਚੇ ਦੀ ਮਾਨਸਿਕ ਉਸਾਰੀ ਦੇ ਅਨਕੂਲ ਹੁੰਦਾ ਹੈ।
5. ਇਸ ਵਿਧੀ ਨਾਲ ਦੁਹਰਾਈ ਸਰਲ ਹੋ ਜਾਂਦੀ ਹੈ ਤੇ ਵਿਦਿਆਰਥੀਆਂ ਨੂੰ ਸਮਝਣ ਅਤੇ ਯਾਦ ਰੱਖਣ ਵਿਚ ਅਸਾਨੀ ਹੁੰਦੀ ਹੈ।
6. ਇਸ ਵਿਧੀ ਨਾਲ ਵਿਦਿਆਰਥੀ ਦੀ ਵਿਸ਼ੇ ਵਿਚ ਰੁੱਚੀ ਉਤਪੰਨ ਹੁੰਦੀ ਹੈ।

**ਸੰਕੇਤਕ ਵਿਧੀ ਦੀਆਂ ਸੀਮਾਵਾਂ**

1. ਬਾਰ-ਬਾਰ ਉਨ੍ਹਾਂ ਹੀ ਗੱਲਾਂ ਨੂੰ ਕਹੀ ਜਾਣ ਨਾਲ ਵਿਸ਼ੇ ਵਸਤੂ ਵਿਚ ਤਾਜ਼ਗੀ ਤੇ ਨਵੀਨਤਾ ਨਹੀਂ ਰਹਿੰਦੀ ਤੇ ਇਸ ਤਰ੍ਹਾਂ ਵਿਦਿਆਰਥੀਆਂ ਵਿਚ ਉਤਸੁਕਤਾ ਉਤਪੰਨ ਨਹੀਂ ਹੁੰਦੀ।
2. ਵਿਦਿਆਰਥੀਆਂ ਵਿਚ ਸਮੇਂ ਅਤੇ ਸਥਾਨ ਦੀ ਧਾਰਨਾ ਉਤਪੰਨ ਨਹੀਂ ਹੁੰਦੀ।
3. ਕਈ ਵਾਰ ਇਹ ਸਮੱਸਿਆ ਨੂੰ ਸਾਫ਼ ਅਤੇ ਸਪੱਸ਼ਟ ਰੂਪ ਵਿਚ ਪੇਸ਼ ਕਰਨ ਤੋਂ ਅਸਮੱਰਥ ਹੋ ਜਾਂਦੀ ਹੈ।
4. ਬਹੁਤ ਸੁਲਝੇ ਹੋਏ ਤੇ ਕਾਬਿਲ ਅਧਿਆਪਕ ਹੀ ਇਸ ਵਿਧੀ ਦਾ ਸਫ਼ਲਤਾ ਪੂਰਵਕ ਪ੍ਰਯੋਗ ਕਰ ਸਕਦੇ ਹਨ।

***1.3.3.5 ਏਕੀਕਰਣ ਵਿਧੀ*** *(Integrated Approach)*- ਏਕੀਕਰਣ ਵਿਧੀ ਇਕ ਅਮਰੀਕੀ ਵਿਧੀ ਹੈ। ਇਹ ਸਮੱਗਰੀ ਦੇ ਵੱਖ-ਵੱਖ ਹਿੱਸਿਆ ਨੂੰ ਸੰਗਠਿਤ ਕਰਨ ਦੀ ਪ੍ਰਕਿਰਿਆ ਹੈ। ਏਕੀਕਰਣ ਇਕ ਪ੍ਰਕਾਰ ਦਾ ਸੰਗਠਨ ਹੁੰਦਾ ਹੈ ਜੋ ਕਿ ਸਮਾਜਿਕ ਅਧਿਐਨ ਦੇ ਵੱਖ-ਵੱਖ ਮਜ਼ਮੂਨਾਂ ਨੂੰ ਪੜ੍ਹਾਉਣ ਤੇ ਤਰਜ਼ੀਹ ਦਿੰਦੇ ਹੈ। ਵੱਖ-ਵੱਖ ਮਜ਼ਮੂਨਾਂ ਦਾ ਸਤਿਕਾਰ ਕੀਤਾ ਜਾਂਦਾ ਹੈ ਤੇ ਇਨ੍ਹਾਂ ਨੂੰ ਪੜ੍ਹਾਉਣ ਦੀ ਵਿਧੀ ਨੂੰ ਵੀ ਸਾਹਮੁਣੇ ਰੱਖਿਆ ਜਾਂਦਾ ਹੈ। ਇਕ ਸਫ਼ਲ ਭਾਂਤ ਦੀ ਸਮੱਗਰੀ ਵਿਦਿਆਰਥੀ ਨੂੰ ਭਾਉਂਦੀ ਵੀ ਹੈ ਕਿਉਂਕਿ ਇਹ ਵਿਦਵਤਾ ਤੇ ਜ਼ੋਰ ਘੱਟ ਦਿੰਦੀ ਹੈ ਤੇ ਸਮੱਗਰੀ ਤੇ ਵਧੇਰੇ ਜ਼ੋਰ ਦਿੰਦੀ ਹੈ। ਇਸ ਵਿਚ ਪ੍ਰੰਪਰਾਗਤ ਸਮੱਗਰੀ ਨਾਲੋਂ ਵੱਧ ਇਸ ਨੂੰ ਮਨੋਵਿਗਿਆਨਕ ਢੰਗ ਨਾਲ ਤਰਤੀਬ ਦੇਣ ਨੂੰ ਮਹੱਤਤਾ ਪ੍ਰਦਾਨ ਕੀਤੀ ਜਾਂਦੀ ਹੈ।

ਇਸ ਤਰੀਕੇ ਦੇ ਅਧੀਨ ਸਮਾਜਿਕ ਸਿੱਖਿਆ ਨੂੰ ਸਿੱਖਿਆ ਦੇਣ ਲਈ ਪੂਰੀ ਤਰ੍ਹਾਂ ਸਮਝਿਆਂ ਜਾਂਦਾ ਹੈ ਅਤੇ ਗ਼ੈਰ-ਕਾਰਜ਼ਸ਼ੀਲ ਯੂਨਿਟ ਵੱਜੋਂ ਕੰਮ ਕਰਦਾ ਹੈ।

- ਪਾਠਕ੍ਰਮ ਨੂੰ ਛੋਟੀਆਂ ਇਕਾਈਆਂ ਵਿਚ ਵੰਡਿਆ ਜਾਂਦਾ ਹੈ।
- ਸਮੱਗਰੀ ਸਾਧਾਰਨ ਤੋਂ ਗੁੰਝਲਦਾਰ ਤੱਕ ਸੰਗਠਿਤ ਕੀਤੀ ਜਾਂਦੀ ਹੈ।
- ਵਿਦਿਆਰਥੀਆਂ ਨੂੰ ਸਿੱਖਣ ਲਈ ਪੂਰੀ ਆਜ਼ਾਦੀ ਦਿੱਤੀ ਜਾਂਦੀ ਹੈ।
- ਸਾਰੇ ਵਿਦਿਆਰਥੀ ਆਪਣੀ ਕਾਬਲੀਅਤ ਅਤੇ ਸਮਰੱਥਾ ਅਨੁਸਾਰ ਸਿੱਖਦੇ ਹਨ।

ਏਕੀਕਰਣ ਵਿਧੀ ਦਾ ਪਾਠਕ੍ਰਮ ਹੇਠਾਂ ਦਿੱਤੇ ਸਿਧਾਂਤਾ ਤੇ ਆਧਾਰਿਤ ਹੈ

- ਇਹ ਜੀਵਨ ਤੇ ਆਧਾਰਿਤ ਹੈ।
- ਇਹ ਜ਼ਰੂਰਤਾਂ ਦੇ ਅਨੁਸਾਰ ਹੈ।
- ਇਹ ਸਿੱਧੇ ਤੌਰ ਤੇ ਜੀਵਨ ਨਾਲ ਸੰਬੰਧਿਤ ਹੈ।
- ਵਿਹਾਰਕ ਪੱਖ ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ।

**ਏਕੀਕਰਣ ਵਿਧੀ ਦੇ ਲਾਭ**

- ਇਹ ਵਿਦਿਆਰਥੀ ਨੂੰ ਉਦੇਸ਼ਪੂਰਣ ਅਤੇ ਸੰਬੰਧਿਤ ਸਿੱਖਣ ਲਈ ਪ੍ਰੇਰਿਤ ਕਰਦੀ ਹੈ।
- ਇਹ ਵਿਦਿਆਰਥੀ ਨੂੰ ਪਾਠਕ੍ਰਮ ਵਿਚ ਅੰਤਰ-ਸੰਬੰਧ ਦੇਖਣ ਲਈ ਉਤਸ਼ਾਹਿਤ ਕਰਦੀ ਹੈ।
- ਵਿਦਿਆਰਥੀ ਆਪਣੇ ਤੁਜ਼ਰਬੇ ਨੂੰ ਇਸਤੇਮਾਲ ਕਰਕੇ ਨਵਾਂ ਸਿੱਖਦੇ ਹਨ।

- ਇਸ ਵਿਚ ਵਿਦਿਆਰਥੀਆਂ ਨੂੰ ਲਿਖਤੀ ਜਾਂ ਮੌਖਿਕ ਪ੍ਰੀਖਿਆ ਤੇ ਨਿਰਭਰ ਰਹਿਣ ਦੀ ਬਜਾਏ ਯੋਗਤਾ ਦਿਖਾਉਣ ਦੇ ਮੌਕੇ ਮਿਲਦੇ ਹਨ।
- ਮਜ਼ਮੂਨਾਂ ਦਾ ਗਿਆਨ ਏਕੀਕਰਣ ਕਰਕੇ ਪ੍ਰਦਾਨ ਕੀਤਾ ਜਾਂਦਾ ਹੈ।
- ਬੱਚੇ ਕਈ ਮਜ਼ਮੂਨਾਂ ਦਾ ਸੰਯੁਕਤ ਗਿਆਨ ਪ੍ਰਾਪਤ ਕਰ ਲੈਂਦੇ ਹਨ।
- ਇਸ ਵਿਧੀ ਰਾਹੀਂ ਉਹ ਗਿਆਨ ਮਿਲਦਾ ਹੈ ਜੋ ਸਾਰਾ ਜੀਵਨ ਕੰਮ ਆਉਂਦਾ ਹੈ।
- ਕਿਉਂਕਿ ਇਹ ਸਮੂਹ ਨਿਯੰਤਰਿਤ ਵਿਧੀ ਹੁੰਦੀ ਹੈ। ਇਸ ਲਈ ਵਿਦਿਆਰਥੀ ਨੂੰ ਜ਼ਿੰਮੇਵਾਰੀਆਂ ਸੌਂਪ ਦਿੱਤੀਆਂ ਜਾਂਦੀਆਂ ਹਨ ਜਿਸ ਨਾਲ ਉਹ ਜ਼ਿੰਮੇਵਾਰੀ ਦੀ ਭਾਵਨਾ ਨੂੰ ਸਿੱਖਦਾ ਹੇ।

**ਏਕੀਕਰਣ ਦੀਆਂ ਸੀਮਾਵਾਂ**

- ਸਾਰੇ ਵਿਦਿਆਰਥੀਆਂ ਦੀਆਂ ਰੁਚੀਆਂ ਨੂੰ ਮੁਖ ਨਹੀਂ ਰੱਖਿਆ ਜਾਂਦਾ ਹੈ।
- ਕਿਉਂਕਿ ਸਮੂਹ ਦਾ ਧਿਆਨ ਰੱਖਿਆ ਜਾਂਦਾ ਹੈ। ਇਸ ਲਈ ਵਿਅਕਤੀਗਤ ਰੁਝਾਨਾਂ ਦਾ ਧਿਆਨਾ ਨਹੀਂ ਰੱਖਿਆ ਜਾਂਦਾ ਹੈ।
- ਕਿਸੇ ਵੀ ਕਿਰਿਆ ਵਿਚ ਸੱਭ ਮਜ਼ਮੂਨਾਂ ਨੂੰ ਨਹੀਂ ਜੋੜਿਆ ਜਾ ਸਕਦਾ।
- ਸਾਰੀ ਸਮੱਗਰੀ ਨੂੰ ਹਜ਼ਮ ਕਰਨਾ ਕਠਿਨ ਹੁੰਦਾ ਹੇ।
- ਮਜ਼ਮੂਨਾਂ ਨੂੰ ਤਰਤੀਬਵਾਰ ਇੱਕਠਾ ਨਹੀਂ ਕੀਤਾ ਜਾ ਸਕਦਾ।

1.***3.3.6 ਵਿਰੋਧੀ ਵਿਧੀ*** *(Regressive Approach)*- ਇਹ ਵਿਧੀ ਕਾਲਕ੍ਰਮਿਕ ਵਿਧੀ ਦੇ ਬਿਲਕੁਲ ਉਲਟ ਹੈ। ਇਸ ਵਿਚ ਵਿਸ਼ਾ-ਵਸਤੂ ਨੂੰ ਉਲਟੇ ਕ੍ਰਮ ਵਿਚ ਰੱਖਿਆ ਜਾਂਦਾ ਹੈ। ਇਸ ਵਿਧੀ ਵਿਚ ਵਿਦਿਆਰਥੀ ਨੂੰ ਵਰਤਮਾਨ ਤੋਂ ਭੂਤਕਾਲ ਵਿਚ ਲੈ ਕੇ ਜਾਇਆ ਜਾਂਦਾ ਹੈ। ਕਿਉਂਕਿ ਵਿਦਿਆਰਥੀ ਵਰਤਮਾਨ ਸਮੇਂ ਨਾਲ ਸੰਬੰਧ ਜਾਣਨ ਵਿਚ ਰੁੱਚੀ ਰੱਖਦੇ ਹਨ। ਜਿਵੇਂ ਕਿ: ਇਤਿਹਾਸ ਸਿਖਾਉਣ ਦੇ ਇਸ ਢੰਗ ਵਿਚ ਅਸੀਂ ਮੌਜੂਦਾ ਸਮੇਂ ਤੋਂ ਅਤੀਤ ਤੱਕ ਜਾਂਦੇ ਹਾਂ। ਬੀਤੇ ਸਮੇਂ ਦੀ ਵਿਆਖਿਆ ਹੁਣ ਦੇ ਸਮੇਂ ਵਿਚ ਸਪਸ਼ਟੀਕਰਣ ਦੇ ਕੇ ਕੀਤੀ ਜਾਣੀ ਚਾਹੀਦੀ ਹੈ, ਇਸ ਵਿਧੀ ਦਾ ਸਿਧਾਂਤ ਹੈ।

ਅਧਿਆਪਕ ਸ਼ੁਰਆਤੀ ਬਿੰਦੂ ਜਾਂ ਜਾਣ-ਪਛਾਣ ਦੇ ਰੂਪ ਵਿਚ ਅੱਜ ਦੇ ਕੁਝ ਮਹੱਤਵਪੂਰਨ ਸਮਾਜਕ ਜਾਂ ਆਰਥਿਕ ਸਮੱਸਿਆਵਾਂ ਦੀ ਚੋਣ ਕਰਦਾ ਹੈ, ਰਿਮੋਟ ਅਤੀਤ ਨੂੰ ਵਾਪਸ ਚਲਾਉਂਦਾ ਹੈ ਜਿਸ ਨੇ ਇਸ ਸਮੱਸਿਆਂ ਦੀ ਸਥਿਤੀ ਰੱਖੀ ਹੈ, ਉਸ ਸਮੇਂ ਉਹ ਵਾਪਸ ਆਉਂਦੇ ਹਨ ਜੋ ਤੁਰੰਤ ਉਨ੍ਹਾਂ ਨੂੰ ਚਿੰਤਾ ਕਰਦੇ

ਹਨ ਅਤੇ ਕਾਲਕ੍ਰਮ ਅਨੁਸਾਰ ਆਰਡਰ ਇਸ ਤਰ੍ਹਾਂ ਅਧਿਆਪਕ ਫਿਰ ਅੱਗੇ ਆਉਣਾ ਦੁਬਾਰਾ ਮੰਨਦਾ ਹੈ। ਇਹ ਯੋਜਨਾ 'ਅਣਜਾਣ ਤੋਂ ਜਾਣ' ਪ੍ਰਣਾਲੀ ਤੇ ਆਧਾਰਿਤ ਹੈ।

**ਵਿਰੋਧੀ ਵਿਧੀ ਦੇ ਲਾਭ**

1. ਇਸ ਵਿਧੀ ਦੁਆਰਾ ਪੜ੍ਹਾਉਣ ਨਾਲ, ਵਿਦਿਆਰਥੀ ਵਿਚ ਅਤੀਤ ਅਤੇ ਵਰਤਮਾਨ ਵਿਚਕਾਰ ਇਕ ਸੰਬੰਧ ਸਥਾਪਤ ਕੀਤਾ ਜਾਂਦਾ ਹੈ।
2. ਇਹ ਵਿਦਿਆਰਥੀਆਂ ਵਿਚ ਵਰਤਮਾਨ ਦੇ ਇਤਿਹਾਸ ਵਿਚ ਦਿਲਚਸਪੀ ਪੈਦਾ ਕਰਦਾ ਹੈ।
3. ਇਹ ਬੱਚਿਆਂ ਦੇ ਰੱਵਈਏ ਨੂੰ ਉਜ਼ਾਗਰ ਕਰਨ ਵਿਚ ਮਦਦ ਕਰਦਾ ਹੈ।

**ਵਿਰੋਧੀ ਵਿਧੀ ਦੀਆਂ ਹਾਨੀਆਂ**

1. ਇਹ ਪੁਰਾਣੇ ਅਤੇ ਮੌਜੂਦਾ ਸਮੇਂ ਦੀਆਂ ਘਟਨਾਵਾਂ ਅਤੇ ਸਮੱਸਿਆਵਾਂ ਤੇ ਬਹੁਤ ਜ਼ੋਰ ਦਿੰਦਾ ਹੈ ਅਤੇ ਭਵਿੱਖ ਨੂੰ ਅਣਗੌਲਿਆ ਕਰਦਾ ਹੈ।
2. ਇਹ ਕਾਲਕ੍ਰਮ ਪੱਧਰ ਨੂੰ ਉਲਟਾ ਦਿੰਦਾ ਹੈ।
3. ਇਹ ਮਨੋਵਿਗਿਆਨਕ ਹੈ।
੫. ਇਹ ਕੁੱਝ ਬੱਚਿਆਂ ਲਈ ਬੋਝ ਹੈ।

**1.3.4 ਸਾਰਾਂਸ਼**

ਸਮਾਜਿਕ ਅਧਿਐਨ ਦਾ ਪਾਠਕ੍ਰਮ ਬਣਾਉਣ ਸਮੇਂ, ਵੱਖ-ਵੱਖ ਵਿਧੀਆਂ ਜਿਵੇਂ ਕਿ ਤਾਲਮੇਲ ਵਿਧੀ, ਸਹਿ-ਸੰਬੰਧਾਂ ਦੀ ਵਿਧੀ, ਚੂੜੀਦਾਰ ਵਿਧੀ, ਸੰਕੇਤਕ ਵਿਧੀ, ਏਕੀਕਰਣ ਵਿਧੀ, ਵਿਰੋਧੀ ਵਿਧੀ ਆਦਿ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਤਾਂ ਜੋ ਇਸ ਨੂੰ ਹੋਰ ਦਿਲਚਸਪ ਅਤੇ ਰੋਮਾਂਚਕ ਬਣਾਇਆ ਜਾ ਸਕੇ। ਵਿਦਿਆਰਥੀ ਹੋਰ ਉਤਸਕ ਤਾਂ ਹੀ ਹੋਣਗੇ ਜੇਕਰ ਪਾਠਕ੍ਰਮ ਨੂੰ ਵੱਖ-ਵੱਖ ਤਰੀਕਿਆਂ ਨਾਲ ਪੇਸ਼ ਕੀਤਾ ਜਾਵੇਗਾ।

**1.3.5 ਮੁੱਖ ਨੁਕਤੇ : -**

**ਪਾਠਕ੍ਰਮ ਵਿਧੀਆ--ਤਾਲਮੇਲ ਵਿਧੀ, ਸੰਕੇਤਕ ਵਿਧੀ, ਸਹਿ -ਸਬੰਧਾਂ ਦੀ ਵਿਧੀ, ਚੂੜੀਦਾਰ ਵਿਧੀ, ਏਕੀਕਰਣ ਵਿਧੀ**

**1.3.6 ਸਵੈ-ਮੁਲਾਂਕਣ ਅਭਿਆਸ :-**

**1. ਸਹਿ-ਸਬੰਧੀ ਵਿਧੀਆਂ……………ਪ੍ਰਕਾਰ ਦੀਆਂ ਹਨ।**

**2. ਚੂੜੀਦਾਰ ਵਿਧੀ…………..ਸਿੱਖਣ ਤੇ ਜ਼ੋਰ ਦਿੰਦੀ ਹੈ।**

**3. ਏਕੀਕਰਣ ਵਿਧੀ ਦਾ ਪਾਠਕ੍ਰਮ ……ਸਿਧਾਂਤਾਂ ਤੇ ਆਧਾਰਿਤ ਹੈ।**

**ਉੱਤਰ : - 1. ਤਿੰਨ 2. ਬੁਨਿਆਦੀ ਤੱਥ 3. ਜੀਵਨ ਅਤੇ ਵਿਹਾਰਕ ਪੱਖ**

**1.3.7 ਸੁਝਾਏ ਪ੍ਰਸ਼ਨ :-**

1. ਸਮਾਜਿਕ ਅਧਿਐਨ ਦੇ ਪਾਠਕ੍ਰਮ ਦੀ ਏਕੀਕਰਣ ਵਿਧੀ ਨੂੰ ਸੰਖੇਪ ਰੂਪ ਵਿਚ ਲਿਖੋ।

2. ਸਹਿ-ਸੰਬੰਧਾਂ ਦੀ ਵਿਧੀ ਬਾਰੇ ਸੰਖੇਪ ਵਿਚ ਲਿਖੋ।

3. ਸੰਕੇਤਕ ਵਿਧੀ ਦੂਸਰੀਆਂ ਵਿਧੀਆਂ ਨਾਲੋਂ ਬੇਹਤਰ ਹੈ। ਚਰਚਾ ਕਰੋ।

੪. ਚੂੜੀਦਾਰ ਵਿਧੀ ਦੇ ਲਾਭ ਅਤੇ ਹਾਨੀਆਂ ਦੱਸੋ।

**1.3.8 ਸੁਝਾਈਆਂ ਪੁਸਤਕਾਂ**


- ਸਮਾਜਿਕ ਸਿੱਖਿਆ ਨੂੰ ਪੜਾਉਣ ਦੀ ਵਿਧੀ- ਬੀ.ਐਨ.ਦਾਸ, ਡਾ. ਆਈ ਵੀ ਰਾਧਾਕ੍ਰਿਸ਼ਨ ਮੂਰਤੀ
- ਟੀਚਿੰਗ ਆਫ ਸੋਸ਼ਲ ਸਟੱਡੀਜ਼- ਐਨ.ਕੇ.ਕੋਚਰ
- ਟੀਚਿੰਗ ਆਫ ਸੋਸ਼ਲ ਸਟੱਡੀਜ਼- ਮਨਜੀਤ ਕੌਰ, ਏ.ਕੇ. ਕਾਂਸਲ, ਚੰਚਲ ਕੁਮਾਰ
- ਸਮਾਜਿਕ ਅਧਿਐਨ ਦਾ ਅਧਿਆਪਨ- ਡਾ.ਟੀ.ਐਸ ਸੋਢੀ, ਡਾ.ਹਰਵਿੰਦਰ ਕੌਰ ਸੋਢੀ
- ਸਲਜੀਡ ਆਰ.ਇਨ

**ਪਾਠ – 1.4**

# ਅਨੁਦੇਸ਼ਆਤਮਿਕ ਯੋਜਨਾ: ਇਕਾਈ ਯੋਜਨਾ ਅਤੇ ਪਾਠ ਯੋਜਨਾ: ਜਰੂਰਤ, ਮਹੱਤਵ ਅਤੇ ਪ੍ਰਕਿਰਿਆ

**ਪਾਠ ਦੀ ਬਣਤਰ**

**1.4.1 ਪਾਠ ਦੇ ਉਦੇਸ਼ (Aims)**
**1.4.2 ਜਾਣਕਾਰੀ**
**1.4.3 ਇਕਾਈ ਯੋਜਨਾ ਅਤੇ ਪਾਠ ਯੋਜਨਾ**
1.4.3.1 ਇਕਾਈ ਯੋਜਨਾ ਦੀ ਜਰੂਰਤ ਅਤੇ ਮਹੱਤਵ
1.4.3.2 ਪਾਠ ਯੋਜਨਾ ਦੀ ਜਰੂਰਤ ਅਤੇ ਮਹੱਤਵ
1.4.3.3 ਇਕਾਈ ਅਤੇ ਪਾਠ ਯੋਜਨਾ ਦੀ ਪ੍ਰਕਿਰਿਆ
**1.4.4 ਸਾਰ (Summary)**
**1.4.5 ਮੁੱਖ ਨੁਕਤੇ**
**1.4.6 ਸਵੈ ਮੁਲਾਂਕਣ ਅਭਿਆਸ**
**1.4.7 ਸੁਝਾਏ ਪ੍ਰਸ਼ਨ (Suggested Questions)**
**1.4.8 ਸੁਝਾਈਆਂ ਪੁਸਤਕਾਂ (Suggested Books)**

## 1.4.1 ਪਾਠ ਦੇ ਉਦੇਸ਼ (Objectives)

ਪਾਠ ਦਾ ਅਧਿਐਨ ਕਰਨ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਹੇਠਾਂ ਲਿਖੇ ਉਦੇਸ਼ਾਂ ਵਿਚ ਸਮਰੱਥ ਹੋਣਾ ਪਵੇਗਾ:

1. ਵਿਦਿਆਰਥੀਆਂ ਨੂੰ ਅਨੁਦੇਸ਼ਨਆਤਮਕ ਯੋਜਨਾ ਦਾ ਅਰਥ, ਵਿਸ਼ਾ ਅਤੇ ਮਹੱਤਤਾ ਪਤਾ ਹੋਵੇ।
2. ਪਾਠ ਯੋਜਨਾ ਦੀ ਜਰੂਰਤ ਤੋਂ ਜਾਣੂ ਹੋਣ।
3. ਇਕਾਈ ਯੋਜਨਾ ਦੀ ਮਹੱਤਤਾ ਬਾਰੇ ਜਾਣੂ ਹੋਣਾ।
4. ਇਕਾਈ ਅਤੇ ਪਾਠ ਯੋਜਨਾ ਦੀ ਪ੍ਰਕਿਰਿਆ ਦਾ ਅਨੁਸਰਨ ਕਰਨਾ।

## 1.4.2 ਜਾਣਕਾਰੀ (Introduction)

ਸਮਾਜਿਕ ਸਿੱਖਿਆ ਅਜਿਹਾ ਮਾਧਿਅਮ ਜਾਂ ਸਾਧਨ ਹੈ, ਜਿਸਦੇ ਦੁਆਰਾ ਵਿਸ਼ਾ-ਸਮੱਗਰੀ ਵਿਦਿਆਰਾਥੀਆਂ ਤੱਕ ਪਹੁੰਚਾਈ ਜਾਂਦੀ ਹੈ। ਅਧਿਆਪਕ ਵਿਭੰਨ ਵਿਧੀਆਂ ਦਾ ਪ੍ਰਯੋਗ ਕਰਕੇ ਉਪ ਵਿਸ਼ੇ ਦੇ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਉਂਦਾ ਹੈ। ਉਸਦਾ ਪ੍ਰਮੁੱਖ ਉਦੇਸ਼ ਉਪ ਵਿਸ਼ੇ ਦੀਆਂ ਧਾਰਾਵਾਂ ਨੂੰ

ਵਿਦਿਆਰਥੀਆਂ ਨੂੰ ਜਾਣੂ ਕਰਵਾਉਂਦਾ ਹੈ। ਕਿਸੇ ਵੀ ਪਾਠ ਯੋਜਨਾ ਨੂੰ ਅਕਰਸ਼ਿਤ ਅਤੇ ਪ੍ਰਭਾਵਸ਼ਾਲੀ ਬਣਾਉਣ ਦੇ ਲਈ ਉਸਦੀ ਪਹਿਲਾਂ ਤੋਂ ਹੀ ਯੋਜਨਾ ਬਣਾਉਣੀ ਬਹੁਤ ਲਾਜ਼ਮੀ ਹੈ। ਇਕ ਵਧੀਆ ਅਧਿਆਪਕ ਕਲਾਸ ਰੂਮ ਵਿਚ ਹੋਣ ਵਾਲੀਆਂ ਸਾਰੀਆਂ ਪ੍ਰਕ੍ਰਿਆਵਾਂ ਦੀ ਪਹਿਲਾ ਤੋਂ ਹੀ ਯੋਜਨਾ ਬਣਾਉਂਦਾ ਹੈ ਤਾਂ ਜੋ ਸਿੱਖਿਆ ਦੇ ਉਦੇਸ਼ਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਾਪਤ ਕੀਤਾ ਜਾ ਸਕੇ। ਅਧਿਆਪਕ ਵਿਭਿੰਨ-ਵਿਭਿੰਨ ਤਰੀਕਿਆਂ ਦੀ ਮਦਦ ਨਾਲ ਉਪ ਵਿਸ਼ੇ ਸੰਬੰਧੀ ਗਿਆਨ ਹਾਸਿਲ ਕਰਦਾ ਹੈ ਅਤੇ ਉਹਨਾਂ ਨਾਲ ਸੰਬੰਧਿਤ ਸਹਾਇਕ ਸਮੱਗਰੀ ਵੀ ਖੋਜਦਾ ਹੈ। ਪ੍ਰਭਾਵਸ਼ਾਲੀ ਅਧਿਆਪਨ ਦੀ ਲਈ ਪਾਠ ਯੋਜਨਾ ਬਹੁਤ ਹੀ ਸਾਵਧਾਨੀ ਪੂਰਵਕ ਕਰਨੀ ਅਤਿ ਜਰੂਰੀ ਹੈ।

### 1.4.3 ਇਕਾਈ ਯੋਜਨਾ ਅਤੇ ਪਾਠ ਯੋਜਨਾ (Unit Plan and Lesson Planning)

1. **ਇਕਾਈ ਯੋਜਨਾ (Unit Plan):** ਇਕਾਈ ਯੋਜਨਾ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਯੂਨਿਟ' ਦਾ ਪੰਜਾਬੀ ਅਨੁਵਾਦ ਹੈ ਜਦੋਂ ਕਿ ਇਸ ਸ਼ਬਦ ਦਾ ਅਸਤਿੱਤਵ ਨਵੀਨ ਹੈ ਪ੍ਰੰਤੂ ਇਸ ਵਿਚ ਪਾਈ ਜਾਣ ਵਾਲੀ ਧਾਰਨਾ ਬਹੁਤ ਪ੍ਰਾਚੀਨ ਹੈ। ਸਿੱਖਿਆ ਵਿੱਚ ਇਸਦਾ ਪ੍ਰਯੋਗ 20 ਵੀਂ ਸਦੀ ਵਿਚ ਆਰੰਭ ਹੋਇਆ। ਇਕਾਈ ਯੋਜਨਾ ਜਿਵੇਂ ਕਿ ਨਾਮ ਤੋਂ ਹੀ ਸਪੱਸ਼ਟ ਹੈ, ਅਜਿਹੀ ਵਿਧੀ ਹੈ ਜਿਸ ਵਿਚ ਵਿਸ਼ਾ-ਸਮੱਗਰੀ ਨੂੰ ਇਕਾਈਆਂ ਵਿਚ ਵੰਡ ਕੇ ਵਿਦਿਆਰਥੀਆਂ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਇਕਾਈ ਯੋਜਨਾ ਨੂੰ ਵੱਖ-ਵੱਖ ਸਿੱਖਿਆ ਸ਼ਾਸਤਰੀਆਂ ਨੇ ਆਪਣੇ-ਆਪਣੇ ਢੰਗ ਵਿਚ ਪਰਿਭਾਸ਼ਿਤ ਕੀਤਾ ਹੈ, ਇਹਨਾਂ ਵਿਚੋਂ ਕੁਝ ਪਰਿਭਾਸ਼ਾਵਾਂ ਇਸ ਪ੍ਰਕਾਰ ਹਨ:

**ਐਚ. ਐਸ. ਮਾਰੀਸਨ (H.S. Morrison)** ਦੇ ਅਨੁਸਾਰ, "ਕਿਸੀ ਸੰਗਠਿਤ ਵਿਗਿਆਨ ਅਤੇ ਕਲਾ ਸੰਬੰਧਿਤ ਵਾਤਾਵਰਨ ਦੇ ਕਿਸੇ ਮਹੱਤਵਪੂਰਨ ਤੱਤ ਦਾ ਨਾਮ ਇਕਾਈ ਹੈ।"

(Unit is a comprehensive and significant aspect of the environment of an organized science and art)

**ਐਨ. ਸੀ. ਈ. ਆਰ. ਟੀ. (NCERT)** ਦੇ ਅਨੁਸਾਰ, "ਇਕਾਈ ਇਕ ਨਿਰਦੇਸ਼ਾਤਮਕ ਯੁਗਤੀ ਹੈ, ਜੋ ਵਿਦਿਆਰਥੀਆਂ ਨੂੰ ਸੰਯੁਕਤ ਰੂਪ ਵਿੱਚ ਗਿਆਨ ਪ੍ਰਾਦਨ ਕਰਦੀ ਹੈ।"

(A unit is an instructional device which gives knowledge to students in a composite manner)

**ਥਾਮਸ ਐਮ. ਰਿਸਕ (Thomas M. Risk)** ਦੇ ਅਨੁਸਾਰ, "ਇਕਾਈ ਕਿਸੀ ਸਮੱਸਿਆ ਜਾਂ ਯੋਜਨਾ ਨਾਲ ਸੰਬੰਧਿਤ ਸਮਰੂਪਤਾ ਵਾਲੀਆਂ ਕਿਰਿਆਵਾਂ ਦੀ ਸੰਪੂਰਨਤਾ ਜਾਂ ਏਕਤਾ ਨੂੰ ਦਰਸਾਉਂਦੀ ਹੈ।"

(The term unit signifies the unity or wholeness of learning activities relating to some problem or project)

2. **ਪਾਠ ਯੋਜਨਾ (Lesson Planning)**

ਪਾਠ ਯੋਜਨਾ ਦੋ ਸ਼ਬਦਾਂ 'ਪਾਠ' ਅਤੇ 'ਯੋਜਨਾ' ਦੇ ਮੇਲ ਤੋਂ ਬਣਿਆ ਹੈ। ਜਿਸਦਾ ਅਰਥ ਹੈ ਪਾਠ ਨੂੰ ਯੋਜਨਾਬੱਧ ਰੂਪ ਵਿਚ ਤਿਆਰ ਕਰਨਾ। ਪਾਠ-ਯੋਜਨਾ ਪ੍ਰਮੁੱਖ ਤੌਰ ਤੇ: ਅਜਿਹੀ ਯੋਜਨਾ ਹੁੰਦੀ ਹੈ ਜਿਸ ਵਿਚ ਅਧਿਆਪਕ ਨੂੰ ਇਹ ਨਿਰਧਾਰਿਤ ਕਰਨਾ ਹੁੰਦਾ ਹੈ ਕਿ ਕਿਹੜਾ ਵਿਸ਼ਾ ਕਿਵੇਂ ਅਤੇ ਕਿਸ ਢੰਗ ਨਾਲ ਪੜ੍ਹਾਇਆ ਜਾਵੇ ਅਤੇ ਉਸ ਨਾਲ ਸੰਬੰਧਿਤ ਜਰੂਰੀ ਸਮੱਗਰੀ ਕਿਸ ਤਰ੍ਹਾਂ ਇੱਕਠੀ ਕੀਤੀ ਜਾਵੇ। ਪਾਠ ਯੋਜਨਾ ਦਾ ਅਰਥ ਸਮਝਣ ਲਈ ਨਿਮਨਲਿਖਤ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ:

**ਬਿੰਨਿੰਗ ਅਤੇ ਬਿੰਨਿੰਗ (Bining and Bining)** ਦੇ ਅਨੁਸਾਰ, "ਪ੍ਰਤਿਦਿਨ ਦੀ ਪਾਠ-ਯੋਜਨਾ ਦਾ ਨਿਰਧਾਰਨ, ਵਿਸ਼ਾ-ਵਸਤੂ ਦੀ ਚੋਣ, ਉਸਦਾ ਸੰਯੋਜਨ ਅਤੇ ਪ੍ਰਸਤੁਤੀਕਰਨ ਦੀ ਵਿਧੀ ਦਾ ਪ੍ਰਯੋਗ ਅਤੇ ਪ੍ਰਕ੍ਰਿਆ ਨੂੰ ਨਿਸ਼ਚਿਤ ਕਰਨਾ ਹੈ।"
(The daily lesson plan is defining the objectives, selecting the subject mater and ordering it and to determine the use of presentation method and process)
**ਐਨ. ਐਲ. ਬੋਸਿੰਗ (N. L. Bosing)** ਦੇ ਅਨੁਸਾਰ, ਇਸ ਸੰਬੰਧ ਵਿਚ ਕਹਿੰਦੇ ਹਨ, "ਪਾਠ-ਯੋਜਨਾ ਦਾ ਅਰਥ ਅਜਿਹੇ ਨਿਸ਼ਚਿਤ ਸਾਧਨਾਂ ਦੀ ਵਿਆਖਿਆ ਨਾਲ ਹੈ ਜਿਸ ਦੁਆਰਾ ਨਿਸ਼ਚਿਤ ਸਮੇਂ ਵਿੱਚ ਨਿਸ਼ਚਿਤ ਉਦੇਸ਼ਾਂ ਦੀ ਪ੍ਰਾਪਤੀ ਕੀਤੀ ਜਾਂਦੀ ਹੈ।"
(The meaning of lesson planning is the description of those specific means for achieving the objectives in a definite time.)

**ਇਕਾਈ ਯੋਜਨਾ ਅਤੇ ਪਾਠ ਯੋਜਨਾ ਵਿਚਕਾਰ ਅੰਤਰ**
**(Difference Between Unit Plan and Lesson Plan)**

| **ਕ੍ਰਮਵੱਧ** | **ਇਕਾਈ ਯੋਜਨਾ** | **ਪਾਠ ਯੋਜਨਾ** |
|---|---|---|
| 1. | ਇਕਾਈ ਯੋਜਨਾ ਵਿਸਤ੍ਰਿਤ ਅਤੇ ਪੂਰਨ ਹੈ। | ਪਾਠ ਯੋਜਨਾ ਸੰਕੁਚਿਤ ਹੈ। |
| 2. | ਪੂਰਾ ਵਿਸ਼ਾ ਛੋਟੀਆਂ-ਛੋਟੀਆਂ ਇਕਾਈਆਂ ਵਿਚ ਵੰਡਿਆ ਹੁੰਦਾ ਹੈ। | ਇਹ ਇਕਾਈ ਯੋਜਨਾ ਦਾ ਹਿੱਸਾ ਹੈ। |
| 3. | ਇਹ ਵਿਸ਼ਾ ਵਸਤੂ ਦੇ ਸਰੂਪ ਅਤੇ ਅਧਿਆਪਨ ਦੇ ਉਦੇਸ਼ਾ ਤੇ ਅਧਾਰਿਤ ਹੈ। | ਇਹ ਵਿਸ਼ਾ ਵਸਤੂ ਦੇ ਵਿਸ਼ੇਸ਼ ਵਿਸ਼ੇ ਅਤੇ ਉਸਦੇ ਉਦੇਸ਼ਾ ਤੇ ਅਧਾਰਿਤ ਹੈ। |
| 4. | ਇਸਦਾ ਨਿਰਮਾਣ ਪੂਰੀ ਇਕਾਈ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਂਦਾ ਹੈ। | ਇਸਦਾ ਨਿਰਮਾਣ ਵਿਸ਼ੇ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਂਦਾ ਹੈ। |
| 5. | ਸਹੀ ਤਰੀਕੇ ਨਾਲ ਵਿਸ਼ਾ ਵਸਤੂ ਦਾ ਸੰਗਠਨ ਹੀ ਇਸਦੇ ਨਿਰਮਾਣ ਵਿਚ ਮੱਹਤਵ ਰੱਖਦਾ ਹੈ। | ਇਸ ਵਿਚ ਵਿਸ਼ੇ ਦੀ ਪੇਸ਼ਕਾਰੀ ਹੀ ਪਾਠ ਯੋਜਨਾ ਨੂੰ ਮਹੱਤਤਾ ਪ੍ਰਦਾਨ ਕਰਦੀ ਹੈ। |
| 6. | ਇਕਾਈ ਯੋਜਨਾ ਹੀ ਮੁਲਾਂਕਣ ਦਾ ਆਧਾਰ ਹੈ। | ਪਾਠ ਯੋਜਨਾ ਦੇ ਆਧਾਰ ਤੇ ਸਿੱਖਣ ਦੇ ਨਤੀਜਿਆ ਨੂੰ ਮਾਪਿਆ ਜਾ ਸਕਦਾ ਹੈ। |

### 1.4.3.1 ਇਕਾਈ ਯੋਜਨਾ ਦੀ ਜ਼ਰੂਰਤ ਅਤੇ ਮਹੱਤਤਾ
### (Need and Importance of Unit Plan)

ਇਕਾਈ ਯੋਜਨਾ ਕਰਨ ਸਮੇਂ ਅਧਿਆਪਕ ਇਸ ਦੇ ਟੀਚੇ, ਉਦੇਸ਼, ਵਿਸ਼ਾ–ਵਸਤੂ, ਗਤੀਵਿਧੀਆਂ ਅਤੇ ਮੁਲਾਂਕਣ ਨੂੰ ਆਪਣੇ ਧਿਆਨ ਵਿਚ ਰੱਖਦਾ ਹੈ।

1. ਇਕਾਈ ਯੋਜਨਾ ਦਾ ਨਿਰਮਾਣ ਸਿਖਿਆਰਥੀ ਦੇ ਉਦੇਸ਼ ਕਰਕੇ ਨਿਰਧਾਰਿਤ ਹੁੰਦਾ ਹੈ।
2. ਇਕਾਈ ਯੋਜਨਾ ਪਾਠ ਸ਼ੁਰੂ ਕਰਨ ਅੰਤ ਕਰਨ ਦੀ ਪ੍ਰਕਿਰਿਆ ਪ੍ਰਦਾਨ ਕਰਦਾ ਹੈ। ਇਹ ਸਿਖਿਆਰਥੀ ਲਈ ਮਦਦਗਾਰ ਹੈ ਇਸ ਦੁਆਰਾ ਵਿਦਿਆਰਥੀ ਨੂੰ ਵਿਸ਼ਾ ਵਸਤੂ ਕਿੱਥੇ ਖਤਮ ਹੋਣੀ ਹੈ ਇਹ ਗਿਆਤ ਹੋ ਜਾਂਦਾ ਹੈ।
3. ਵਧੀਆ ਤਰੀਕੇ ਨਾਲ ਵਿਸ਼ਾ–ਵਸਤੂ ਦੀ ਸੰਗਠਿਤ ਯੋਜਨਾ ਹੋਣੀ ਚਾਹੀਦੀ ਹੈ ਕਿਉਂਕਿ ਇਹ ਵਿਸ਼ਾ ਇਤਿਹਾਸ, ਭੂਗੋਲ, ਸਮਾਜਿਕ–ਸ਼ਾਸਤਰ, ਨਾਗਰਿਕ ਸ਼ਾਸਤਰ, ਅਰਥ–ਸ਼ਾਸਤਰ ਆਦਿ ਦਾ ਮਿਸ਼ਰਨ ਹੁੰਦਾ ਹੈ। ਇਸ ਵਿਚ ਇਕਾਈ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।
4. ਇਕਾਈ ਯੋਜਨਾ ਦੇ ਨਾਲ ਵਿਸ਼ੇ ਦੇ ਬਾਰੇ ਪ੍ਰਭਾਵਸ਼ਾਲੀ ਗਿਆਨ ਪ੍ਰਾਪਤ ਹੁੰਦਾ ਹੈ।
5. ਇਕਾਈ ਯੋਜਨਾ ਵਿਚ ਸਿੱਖਣ ਸੰਬੰਧੀ ਕਿਰਿਆਵਾਂ ਸਿੱਖਿਆ ਦੇ ਪੱਧਰ ਤੇ ਮਹੱਤਵਪੂਰਨ ਹੁੰਦੀਆਂ ਹਨ।

**ਮਹੱਤਤਾ (Importance)**

1. ਇਕਾਈ ਯੋਜਨਾ ਵਿਸਤ੍ਰਿਤ ਹੈ: ਇਸ ਵਿਚ ਅਨੁਪੂਰਨ ਸਮੱਗਰੀ ਦਾ ਉਚਿੱਤ ਪ੍ਰਯੋਗ ਕੀਤਾ ਜਾਂਦਾ ਹੈ।
2. ਇਕਾਈ ਯੋਜਨਾ ਵਿਭਿੰਨ ਪ੍ਰਕਾਰ ਦੀਆਂ ਗਤੀਵਿਧੀਆਂ ਪ੍ਰਦਾਨ ਕਰਦੀ ਹੈ।
3. ਇਕਾਈ ਯੋਜਨਾ ਵਿਚ ਅਧਿਆਪਕ–ਵਿਦਿਆਰਥੀ ਸਹਿਯੋਗ ਜਰੂਰੀ ਹੈ।
4. ਇਹ ਅੱਗੇ ਕਿਰਿਆ ਕਰਨ ਲਈ ਰਾਹ ਸਥਾਪਿਤ ਕਰਦੀ ਹੈ।
5. ਇਹ ਆਪਣੇ ਮੁਲਾਂਕਣ ਲਈ ਆਧਾਰ ਪ੍ਰਦਾਨ ਕਰਦੀ ਹੈ।
6. ਇਕਾਈ ਯੋਜਨਾ ਇਕ ਮਨੋਵਿਗਿਆਨਕ ਵਿਧੀ ਹੈ; ਇਸ ਵਿਚ ਵਿਦਿਆਰਾਥੀਆਂ ਦੀਆਂ ਰੁਚੀਆਂ, ਯੋਗਤਾਵਾਂ, ਜਰੂਰਤਾਂ ਅਤੇ ਸੀਮਾਵਾਂ ਆਦਿ ਦਾ ਧਿਆਨ ਰੱਖ ਕੇ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ।

### 1.4.3.2 ਪਾਠ ਯੋਜਨਾ ਦੀ ਜਰੂਰਤ ਅਤੇ ਮਹੱਤਵ

### (Need and Importance of Lesson Planning)

ਪ੍ਰਭਾਵਸ਼ਾਲੀ ਪਾਠ ਯੋਜਨਾ ਪ੍ਰਭਾਵਸ਼ਾਲੀ ਅਧਿਆਪਨ ਦੀ ਨੀਂਹ ਹੈ। ਇਸ ਦੀ ਜਰੂਰਤ ਸ਼ੁਰੂਆਤ ਵਿਚ ਹੁੰਦੀ ਹੈ ਕਿਉਂਕਿ:-

1. ਇਹ ਵਿਦਿਆਰਥੀ ਅਤੇ ਅਧਿਆਪਕ ਨੂੰ ਸਹੀ ਰਸਤੇ ਤੇ ਰੱਖਦੀ ਹੈ।
2. ਇਹ ਅਧਿਆਪਨ ਗਤੀਵਿਧੀਆਂ ਨੂੰ ਅਰਥਪੂਰਨ ਅਤੇ ਉਤਸ਼ਾਹਿਤ ਕਰਦੀ ਹੈ।
3. ਇਹ ਅਧਿਆਪਨ ਦੀ ਸਫਲਤਾ ਅਤੇ ਅਸਫਲਤਾ ਬਾਰੇ ਜਾਣੂ ਕਰਵਾਉਂਦੀ ਹੈ।
4. ਇਹ ਸਮੇਂ ਦੀ ਖਰਾਬੀ ਤੋਂ ਬਚਾਉਂਦੀ ਹੈ ਕਿਉਂਕਿ ਪਾਠ ਯੋਜਨਾ ਦੀ ਪਹਿਲਾ ਤੋਂ ਹੀ ਤਰਤੀਬਵਾਰ ਬਣਤਰ ਬਣਾ ਲਈ ਜਾਂਦੀ ਹੈ।
5. ਇਹ ਅਧਿਆਪਕ ਨੂੰ ਹੋਰ ਭਰੋਸੇਯੋਗ ਬਣਾਉਂਦੀ ਹੈ ਅਤੇ ਅਧਿਆਪਕ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਸਹਾਇਕ ਸਮੱਗਰੀ ਦਾ ਪ੍ਰਯੋਗ ਕਰਕੇ ਪੜਾਉਂਦਾ ਹੈ।

6. ਪਾਠ ਯੋਜਨਾ ਦੀ ਲੜੀ ਬਰਾਬਰ ਬਣੀ ਰਹਿੰਦੀ ਹੈ ਕਿਉਂਕਿ ਪਹਿਲਾਂ ਤੋਂ ਹੀ ਯੋਜਨਾ ਕਰਕੇ ਵਾਕ ਦੀ ਦੁਹਰਾਈ ਅਤੇ ਫਾਲਤੂ ਜਾਣਕਾਰੀ ਨੂੰ ਹਟਾ ਦਿੱਤਾ ਜਾਂਦਾ ਹੈ।

**ਮਹੱਤਤਾ (Importance)**

1. ਪਾਠ ਯੋਜਨਾ ਦਾ ਅਧਿਆਪਕ ਨੂੰ ਇਹ ਸਰਵਉੱਤਮ ਲਾਭ ਇਹ ਹੁੰਦਾ ਹੈ ਕਿ ਜਮਾਤ ਵਿਚ ਅਧਿਆਪਨ ਦਾ ਉੱਚਿਤ ਵਾਤਾਵਰਨ ਬਣਦਾ ਹੈ। ਇਸ ਨਾਲ ਵਿਦਿਆਰਥੀਆਂ ਦੀ ਇਕਾਗਰਤਾ ਬਣੀ ਰਹਿੰਦੀ ਹੈ।
2. ਇਹ ਅਧਿਆਪਕ ਅਤੇ ਵਿਦਿਆਰਥੀ ਦੀਆਂ ਗਤੀਵਿਧੀਆਂ ਨੂੰ ਪਹਿਲਾਂ ਹੀ ਨਿਰਧਾਰਿਤ ਕਰ ਦਿੰਦੀ ਹੈ।
3. ਅਧਿਆਪਕ ਨੂੰ ਪਾਠ–ਯੋਜਨਾ ਨਾਲ ਇਹ ਗਿਆਤ ਹੋ ਜਾਂਦਾ ਹੈ ਕਿ ਉਸ ਨੇ ਕਿਹੜੇ ਤਰੀਕੇ, ਵਿਧੀਆਂ, ਕਾਰਜ ਨੀਤੀ ਅਤੇ ਸਹਾਇਕ ਸਮੱਗਰੀ ਆਦਿ ਦਾ ਪ੍ਰਯੋਗ ਆਪਣੇ ਵਿਸ਼ੇ ਦੀ ਵਿਆਖਿਆ ਕਰਨ ਲਈ ਕਰਨਾ ਹੈ।
4. ਪਾਠ ਯੋਜਨਾ ਵਿਦਿਆਰਥੀ ਅਧਿਆਪਕ ਲਈ ਮਹੱਤਵਪੂਰਨ ਰੋਲ ਨਿਭਾਉਂਦੀ ਹੈ।
5. ਪਾਠ ਯੋਜਨਾ ਦੇ ਮਾਧਿਅਮ ਨਾਲ ਵਿਭਿੰਨ ਪ੍ਰਕਾਰ ਦੀਆਂ ਅਧਿਆਪਨ ਕਲਾਵਾਂ ਦਾ ਵਿਕਾਸ ਹੁੰਦਾ ਹੈ।
6. ਪਾਠ ਯੋਜਨਾ ਦਾ ਇਕ ਹੋਰ ਮਹੱਤਵਪੂਰਨ ਲਾਭ ਇਹ ਹੈ ਕਿ ਇਸ ਨਾਲ ਅਧਿਆਪਕ ਅਤੇ ਵਿਦਿਆਰਥੀਆਂ ਦੇ ਸਮੇਂ ਅਤੇ ਸ਼ਕਤੀ ਦੀ ਬਚਤ ਹੁੰਦੀ ਹੈ ਕਿਉਂਕਿ ਪਾਠ ਪਹਿਲਾਂ ਤੋਂ ਹੀ ਨਿਯੋਜਿਤ ਹੁੰਦਾ ਹੈ ਅਤੇ ਅਧਿਆਪਕ ਇਹ ਜਾਣਦਾ ਹੈ ਕਿ ਕਦੋਂ ਅਤੇ ਕਿਵੇਂ ਪਾਠ ਪੜਾਉਣਾ ਹੈ। ਨਿਸ਼ਚਿਤ ਤੌਰ ਤੇ ਇਸ ਨਾਲ ਸਮੇਂ ਅਤੇ ਸ਼ਕਤੀ ਦੀ ਬਚਤ ਹੁੰਦੀ ਹੈ ਅਤੇ ਵਿਦਿਆਰਥੀ ਜਿਆਦਾ ਗਿਆਨ ਪ੍ਰਾਪਤ ਕਰਦੇ ਹਨ।
7. ਅਧਿਆਪਕ, ਵਿਦਿਆਰਥੀਆਂ ਦੀਆਂ ਰੁਚੀਆਂ, ਅਭਿਵਿਰਤੀਆਂ, ਯੋਗਤਾ, ਜਰੂਰਤਾਂ ਅਤੇ ਸੀਮਾਵਾਂ ਨੂੰ ਧਿਆਨ ਵਿਚ ਰੱਖ ਕੇ ਪਾਠ ਯੋਜਨਾ ਬਣਾਉਂਦਾ ਹੈ।

### 1.4.3.3 ਇਕਾਈ ਅਤੇ ਪਾਠ ਯੋਜਨਾ ਦੀ ਪ੍ਰਕਿਰਿਆ (Procedure of Unit and Lesson Planning)

ਸਿੱਖਿਆ ਸ਼ਾਸਤਰੀ ਐਚ. ਐਸ. ਮਾਰੀਸਨ ਨੇ ਇਕਾਈ ਵਿਧੀ ਨੂੰ ਜਮਾਤ ਵਿਚ ਅਧਿਆਪਨ ਨੂੰ ਉਪਯੋਗੀ ਦੱਸਦੇ ਹੋਏ ਇਸਦੇ ਪੰਜ ਸਤਰ ਦੱਸੇ ਹਨ ਜੋ ਕਿ ਇਸ ਪ੍ਰਕਾਰ ਹਨ:

**1. ਖੋਜਣਾ (Exploration):**

ਇਹ ਇਕਾਈ ਵਿਧੀ ਦੀ ਮਹੱਤਵਪੂਰਨ ਅਵਸਥਾ ਹੁੰਦੀ ਹੈ। ਇਸ ਅਵਸਥਾ ਵਿਚ ਅਧਿਆਪਕ ਇਸ ਗੱਲ ਦਾ ਪਤਾ ਲਗਾਉਂਦਾ ਹੈ ਕਿ ਨਵੀਂ ਇਕਾਈ ਦੇ ਸੰਬੰਧ ਵਿਚ ਵਿਦਿਆਰਥੀਆਂ ਨੂੰ ਕਿੰਨਾ ਗਿਆਨ ਹੈ। ਇਸ ਵਿੱਚ ਅਧਿਆਪਕ ਕਈ ਪ੍ਰਕਾਰ ਦੀਆਂ ਯੁਗਤੀਆਂ ਦਾ ਪ੍ਰਯੋਗ ਕਰ ਸਕਦਾ ਹੈ ਜਿਵੇਂ:

ਲਿਖਿਤ ਪ੍ਰੀਖਿਆ (Written Examination)
ਮੌਖਿਕ ਪ੍ਰੀਖਿਆ (Oral Examination)
ਵਿਚਾਰ ਵਟਾਂਦਰਾ (Discussion)

**4. ਪ੍ਰਸਤੁਤੀਕਰਨ (Presentation):**

ਇਸ ਅਵਸਥਾ ਵਿਚ ਅਧਿਆਪਕ ਇਕਾਈ ਦੀ ਵਿਸ਼ਾ ਸਮਗਰੀ ਨੂੰ ਵਾਰਤਾਲਾਪ ਅਤੇ ਭਾਸ਼ਨ ਦੁਆਰਾ ਵਿਦਿਆਰਥੀਆਂ ਦੇ ਸਾਹਮਣੇ ਰੱਖਦਾ ਹੈ। ਇਸ ਅਵਸਥਾ ਵਿਚ ਅਧਿਆਪਕ ਇਹ ਜਾਣਨ ਦੀ ਕੋਸ਼ਿਸ਼ ਕਰਦਾ ਹੈ ਕਿ ਵਿਦਿਆਰਥੀ ਵਿਸ਼ਾ–ਵਸਤੂ ਨੂੰ ਸਮਝ ਗਿਆ ਜਾਂ ਨਹੀਂ। ਜੇਕਰ ਨਹੀਂ ਤਾਂ ਅਧਿਆਪਕ ਦੁਬਾਰਾ ਸਮਝਾਵੇਗਾ। ਜਦੋਂ ਤੱਕ ਵਿਦਿਆਰਥੀ ਉਸਨੂੰ ਖੁਦ ਪ੍ਰਸਤੁਤ ਨਹੀਂ ਕਰਦੇ ਉਦੋਂ ਤੱਕ ਉਹ ਅਗਲੀ ਅਵਸਥਾ ਵਿਚ ਨਹੀਂ ਜਾਂਦਾ।

**3. ਗਿਆਨ ਦਾ ਸਥਾਨੀਕਰਨ (Assimilation):**

ਇਸ ਅਵਸਥਾ ਵਿਚ ਵਿਦਿਆਰਥੀਆਂ ਨੂੰ ਇਕਾਈ ਦੀ ਵਿਸ਼ਾ ਵਸਤੂ ਨੂੰ ਮਜਬੂਤ ਕਰਨ ਦਾ ਮੌਕਾ ਮਿਲਦਾ ਹੈ। ਇਸਨੂੰ ਹੇਠ ਲਿਖੀਆਂ ਵਿਧੀਆਂ ਦੁਆਰਾ ਮਜਬੂਤ ਕੀਤਾ ਜਾਂਦਾ ਹੈ:–

- ਅਧਿਐਨ ਕਰਕੇ
- ਲਿਖ ਕੇ
- ਇਕ ਦੂਸਰੇ ਦੇ ਨਾਲ ਵਿਚਾਰ–ਵਟਾਂਦਰਾ ਕਰਕੇ
- ਅਧਿਆਪਕ ਦੀ ਸਲਾਹ ਲੈ ਕੇ

**4. ਸੰਗਠਨ (Organization):**

ਇਸ ਅਵਸਥਾ ਵਿਚ ਵਿਦਿਆਰਾਥੀ ਵਿਸ਼ਾ ਵਸਤੂ ਨੂੰ ਸਹੀ ਢੰਗ ਨਾਲ ਲਿਖ ਕੇ ਗਿਆਨ ਨੂੰ ਸੰਗਠਿਤ ਕਰਦਾ ਹੈ। ਜੇਕਰ ਉਹ ਇਸ ਤਰ੍ਹਾਂ ਕਰਨ ਵਿਚ ਸਫਲ ਨਹੀਂ ਹੁੰਦੇ ਤਾਂ ਅਧਿਆਪਕ ਇਹ ਸਮਝ ਲੈਂਦਾ ਹੈ ਕਿ ਇਕਾਈ ਦੀ ਵਿਸ਼ਾ–ਵਸਤੂ ਨੂੰ ਵਿਦਿਆਰਥੀ ਭਲੀ ਪ੍ਰਕਾਰ ਸਮਝ ਸਕੇ ਹਨ।

**5. ਕਥਨ (Recitation):**

ਇਸ ਅਵਸਥਾ ਵਿਚ ਹਰ ਵਿਦਿਆਰਥੀ ਨੂੰ ਇਕਾਈ ਦੀ ਵਿਸ਼ਾ ਵਸਤੂ ਨੂੰ ਜਮਾਤ ਵਿਚ ਉਸੇ ਤਰ੍ਹਾਂ ਪ੍ਰਸਤੁਤ ਕਰਨਾ ਹੁੰਦਾ ਹੈ ਜਿਸ ਤਰ੍ਹਾਂ ਅਧਿਆਪਕ ਨੇ ਕੀਤਾ ਹੁੰਦਾ ਹੈ। ਅਧਿਆਪਕ ਵਿਦਿਆਰਥੀ ਦੀਆਂ ਗਤੀਵਿਧੀਆਂ ਦੇ ਆਧਾਰ ਤੇ ਨਤੀਜੇ ਕੱਢਦਾ ਹੈ ਕਿ ਵਿਦਿਆਰਥੀ ਇਕਾਈ ਦਾ ਵਿਸ਼ਾ–ਵਸਤੂ ਸਮਝ ਗਏ ਜਾਂ ਨਹੀਂ।

**ਪਾਠ ਯੋਜਨਾ ਦੀ ਪ੍ਰਕਿਰਿਆ (Procedure of Lesson Planning):**

ਸਮਾਜਿਕ ਸਿੱਖਿਆ ਦਾ ਅਧਿਆਪਕ ਯੋਜਨਾ ਬਣਾਉਂਦਾ ਹੈ, ਉਸਨੂੰ ਤਿਆਰ ਕਰਦਾ ਹੈ ਅਤੇ ਉਸ ਨੂੰ ਪਾਠ ਦੀ ਸਮੱਗਰੀ ਦੇ ਰੂਪ ਵਿਚ ਪੇਸ਼ ਕਰਦਾ ਹੈ। ਅਧਿਆਪਕ ਨੂੰ ਪਾਠ ਯੋਜਨਾ ਬਣਾਉਣ ਸਮੇਂ ਵਿਸਤ੍ਰਿਤ ਸਿਧਾਂਤਾਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ:–

1. ਵਿਸ਼ੇ ਨਾਲ ਸੰਬੰਧੀ ਸਮਗਰੀ ਦੀ ਸਹੀ ਢੰਗ ਨਾਲ ਚੋਣ ਕੀਤੀ ਜਾਵੇ।
2. ਚੋਣ ਕੀਤੀ ਗਈ ਪਾਠ ਨਾਲ ਸੰਬੰਧਿਤ ਸਮੱਗਰੀ ਸੰਗਠਿਤ, ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੀ ਜਾਵੇ।
3. ਪਾਠ ਯੋਜਨਾ ਬਣਾਉਣ ਸਮੇਂ ਵਿਦਿਆਰਥੀਆਂ ਦੀ ਭਾਗਦਾਰੀ ਨੂੰ ਧਿਆਨ ਵਿਚ ਰੱਖਿਆ ਜਾਵੇ।
4. ਸਿੱਖਣ ਦਾ ਮੁਲਾਂਕਣ ਕਰਕੇ ਸਿੱਖਆ ਦੇ ਉਦੇਸ਼ਾਂ ਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ।

ਹਰਬਾ ਜੇ. ਏ. (1776–1841) ਨੇ ਪਾਠ ਯੋਜਨਾ ਦੇ ਕਈ ਚਰਨ ਦੱਸੇ ਹਨ, ਜਿਹਨਾਂ ਦਾ ਵਰਣਨ ਇਸ ਪ੍ਰਕਾਰ ਹੈ:–

**1. ਆਮ ਉਦੇਸ਼ (General Aims):**
ਸਮਾਜਿਕ ਸਿੱਖਿਆ ਨੂੰ ਪੜ੍ਹਾਉਣ ਦੇ ਕੁਝ ਆਮ ਉਦੇਸ਼ ਹਨ ਜੋ ਲਗਭਗ ਸਾਰੇ ਵਿਸ਼ਿਆਂ ਵਿਚ ਪੜ੍ਹਾਏ ਜਾਂਦੇ ਹਨ। ਇਹ ਉਦੇਸ਼ ਹਨ:-

1. ਵਿਦਿਆਰਥੀਆਂ ਦੀ ਕਲਪਨਾ ਸ਼ਕਤੀ ਦਾ ਵਿਕਾਸ ਕਰਨਾ।
2. ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਸਮਝ ਪੈਦਾ ਕਰਨਾ।
3. ਲੋਕਤੰਤਰੀ ਅਤੇ ਤਾਨਾਸ਼ਾਹੀ ਸਰਕਾਰਾਂ ਦੇ ਸੰਬੰਧ ਬਾਰੇ ਜਾਣਕਾਰੀ ਦੇਣਾ।
4. ਬੱਚਿਆਂ ਵਿਚ ਵਧੀਆ ਨਾਗਰਿਕਤਾ ਦੇ ਗੁਣਾਂ ਦਾ ਸੰਚਾਰ ਕਰਨਾ।
5. ਸਮਾਜਿਕ ਵਿਗਿਆਨ ਦੇ ਵਿਸ਼ੇ ਪ੍ਰਤੀ ਵਿਦਿਆਰਥੀਆਂ ਦੀ ਰੂਚੀ ਪੈਦਾ ਕਰਨਾ।

**2. ਵਿਸ਼ਿਸ਼ਟ ਉਦੇਸ਼ (Specific Aims):**
ਸਮਾਜਿਕ ਵਿਗਿਆਨ ਦੇ ਉਪ ਵਿਸ਼ੇ ਨੂੰ ਪੜਾਉਣ ਦੇ ਨਿਸ਼ਚਿਤ ਉਦੇਸ਼ ਹੁੰਦੇ ਹਨ। ਇਹ ਉਦੇਸ਼ ਵਿਭਿੰਨ ਪਾਠਾਂ ਤੇ ਅਧਾਰਿਤ ਹੁੰਦੇ ਹਨ। ਹੋਰ ਸ਼ਬਦਾਂ ਵਿਚ ਵਿਸ਼ਿਸ਼ਟ ਉਦੇਸ਼ ਪਾਠ ਦਰ ਪਾਠ ਬਦਲਦੇ ਰਹਿੰਦੇ ਹਨ।

**3. ਤਿਆਰੀ (Preparation):**
ਵਿਦਿਆਰਥੀਆਂ ਦੇ ਪੂਰਨ ਗਿਆਨ ਦੀ ਪਰਖ ਕਰਨੀ ਚਾਹੀਦੀ ਹੈ। ਫਿਰ ਉਸ ਤੋਂ ਬਾਅਦ ਆਪਣੇ ਉਪ-ਵਿਸ਼ੇ ਦੀ ਘੋਸ਼ਣਾ ਕੀਤੀ ਜਾਵੇ ਤਾਂ ਜੋ ਵਿਦਿਆਰਥੀਆਂ ਨੂੰ ਉਪ ਵਿਸ਼ੇ ਬਾਰੇ ਪਤਾ ਲੱਗ ਸਕੇ। ਇਸ ਲਈ ਸਮਾਜਿਕ ਸਿੱਖਿਆ ਦਾ ਅਧਿਆਪਕ ਨੂੰ ਆਪਣੇ ਟੀਚੇ ਨੂੰ ਸਾਹਮਣੇ ਰੱਖ ਕੇ ਅਧਿਆਪਨ ਕਰਨਾ ਚਾਹੀਦਾ ਹੈ।

**4. ਸੰਬੰਧਾਆਤਮਕ ਤੁਲਨਾ (Association Comparison):**
ਜੋ ਜਾਣਕਾਰੀ ਨੂੰ ਜਮਾਤ ਵਿਚ ਹਾਸਿਲ ਕੀਤਾ ਹੁੰਦਾ ਹੈ ਉਸਦੀ ਤੁਲਨਾ ਕੀਤੀ ਜਾਂਦੀ ਹੈ ਅਤੇ ਪੂਰਵ ਗਿਆਨ ਅਤੇ ਪੂਨਰ ਗਿਆਨ ਵਿਚਾਲੇ ਸੰਬੰਧ ਕਾਇਮ ਕੀਤਾ ਜਾਂਦਾ ਹੈ। ਕਈ ਵਾਰੀ ਇਸ ਚਰਨ ਨੂੰ ਅਲੱਗ ਤੋਂ ਨਹੀਂ ਲਿਖਿਆ ਜਾਂਦਾ ਬਲਕਿ ਇਸ ਨੂੰ ਪੇਸ਼ਕਾਰੀ ਵਿਚ ਹੀ ਸ਼ਾਮਲ ਕੀਤਾ ਜਾਂਦਾ ਹੈ।

**5. ਸੁਧਾਰੀਕਰਨ (Generalization):**
ਜਦੋਂ ਦਿਮਾਗ ਨਵੀਂ ਜਾਣਕਾਰੀ ਨੂੰ ਹਾਸਲ ਕਰਦਾ ਹੈ ਤਾਂ ਜੋ ਜਾਣਕਾਰੀ ਪਹਿਲਾ ਤੋਂ ਹੈ ਉਸ ਵਿਚ ਮਿਸ਼ਰਿਤ ਕੀਤਾ ਜਾਂਦਾ ਹੈ। ਫਿਰ ਨਵੇਂ ਵਿਚਾਰ ਉਭਰ ਕੇ ਸਾਹਮਣੇ ਆਉਂਦੇ ਹਨ। ਇਸ ਚਰਨ ਨੂੰ ਸਮਾਜਿਕ ਸਿੱਖਿਆ ਦੇ ਅਧਿਆਪਨ ਦਾ ਅਹਿਮ ਚਰਨ ਮੰਨਿਆ ਜਾਂਦਾ ਹੈ।

**6. ਪੂਨਰਵਿਰਤੀ ਦੁਹਰਾਈ (Recapitulation):**
ਇਸ ਚਰਨ ਵਿਚ ਜਮਾਤ ਵਿਚ ਜੋ ਪੜਾਇਆ ਗਿਆ ਹੈ ਉਸ ਦੀ ਦੁਹਰਾਈ ਕੀਤੀ ਜਾਂਦੀ ਹੈ। ਇਸ ਨਾਲ ਅਧਿਆਪਕ ਨੂੰ ਇਹ ਗਿਆਤ ਹੋ ਜਾਂਦਾ ਹੈ ਕਿ ਪੜ੍ਹਾਏ ਗਏ ਪਾਠ ਵਿਚੋਂ ਵਿਦਿਆਰਥੀ ਨੂੰ ਕਿੰਨਾ ਸਮਝ ਆਇਆ ਹੈ।

ਡਬਲਯੂ. ਐਸ. ਰਾਏਵਟ ਦੇ ਅਨੁਸਾਰ, "ਪੂਨਰਵ੍ਰਿਤੀ/ਦੁਹਰਾਈ ਅਧਿਕ ਪ੍ਰਯੋਗ ਵਿਚ ਨਹੀਂ ਹੁੰਦੀ, ਜੇਕਰ ਅਧਿਆਪਕ ਇਸ ਦੀ ਅਧਿਅਨ ਕਰਵਾਈ ਵਿਸ਼ਾ-ਵਸਤੂ ਦੀ ਜਾਂਚ ਕਰਨ ਦੇ ਸਾਧਨ ਰੂਪ ਵਿਚ ਪ੍ਰਯੋਗ ਕਰਦਾ ਹੈ। ਪ੍ਰਸ਼ਨ ਅਧਿਆਪਕ ਦੁਆਰਾ ਦੁਹਰਾਏ ਜਾਣ ਵਾਲੇ ਕਾਰਜਕ੍ਰਮ ਨੂੰ ਕ੍ਰਿਆਸ਼ੀਲ ਕਰਨ ਵਿਚ ਵਿਦਿਆਰਥੀ ਸਹਾਇਤਾ ਕਰਦੇ ਹਨ। ਸਿੱਟੇ ਵਜੋ ਇਸ ਪ੍ਰਕਾਰ ਦੀ ਦੁਹਰਾਈ ਮਹੱਤਵਪੂਰਨ ਹੈ।

## 1.4.4 ਸਾਰ (Summary)

ਜਦੋਂ ਅਧਿਆਪਕ ਕਿਸੇ ਵੀ ਜਮਾਤ ਦਾ ਸਮਾਜਿਕ ਸਿੱਖਿਆ ਦਾ ਪਾਠਕ੍ਰਮ ਤਿਆਰ ਕਰਦਾ ਹੈ ਤਾਂ ਉਸ ਨੂੰ ਉਪਰੋਕਤ ਚਰਨਾ ਨੂੰ ਧਿਆਨ ਵਿਚ ਰੱਖ ਕੇ ਤਿਆਰ ਕਰਨਾ ਚਾਹੀਦਾ ਹੈ। ਇਸ ਉਪਰੰਤ ਇਕਾਈ ਯੋਜਨਾ, ਪਾਠ ਯੋਜਨਾ ਤੋਂ ਬਾਅਦ ਕੀਤੀ ਜਾਂਦੀ ਹੈ। ਜੇਕਰ ਯੋਜਨਾ ਸਹੀਂ ਢੰਗ ਨਾਲ ਕੀਤੀ ਜਾਵੇ ਤਾਂ ਇਹ ਅਧਿਆਪਕ ਨੂੰ ਆਪਣਾ ਅਧਿਆਪਨ ਪ੍ਰਭਾਵਸ਼ਾਲੀ ਬਣਾਉਣ ਵਿਚ ਮਦਦ ਕਰਦੀ ਹੈ।

**1. ਪਾਠ ਯੋਜਨਾ (Lesson Plan):**

ਸਮਾਜਿਕ ਸਿੱਖਿਆ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਅਧਿਆਪਨ ਦੇ ਦੋਰਾਨ ਉਪ ਵਿਸ਼ੇ ਸੰਬੰਧੀ ਯੋਜਨਾ ਬਣਾਈ ਜਾਂਦੀ ਹੈ।

**2. ਇਕਾਈ ਯੋਜਨਾ (Unit Plan):**

ਇਕਾਈ ਯੋਜਨਾ ਇਕ ਨਿਰਦੇਸ਼ਾਤਮਕ ਯੁਗਤੀ ਹੈ, ਜੋ ਵਿਦਿਆਰਥੀਆਂ ਨੂੰ ਸੰਯੁਕਤ ਰੂਪ ਵਿਚ ਗਿਆਨ ਪ੍ਰਦਾਨ ਕਰਦੀ ਹੈ। ਵੱਖ ਵੱਖ ਤਰ੍ਹਾਂ ਦੇ ਸਿੱਖਣ ਦੇ ਅਨੁਭਵ, ਵੱਖ-ਵੱਖ ਅਧਿਆਪਕ ਕਲਾਵਾਂ ਅਤੇ ਵਿਦਿਆਰਥੀਆਂ ਦੇ ਦ੍ਰਿਸ਼ਟੀਕੋਣ ਨੂੰ ਇਕਾਈ ਯੋਜਨਾ ਵਿਚ ਸ਼ਾਮਲ ਕੀਤਾ ਜਾਂਦਾ ਹੈ।

## 1.4.5 ਮੁੱਖ ਨੁਕਤੇ :-

-ਇਕਾਈ ਯੋਜਨਾ ਦੀ ਜਰੂਰਤ ਤੇ ਮਹੱਤਵ
-ਪਾਠ ਯੋਜਨਾ ਦੀ ਜਰੂਰਤ ਤੇ ਮਹੱਤਵ
- ਇਕਾਈ ਅਤੇ ਪਾਠ ਯੋਜਨਾ ਦੀ ਪ੍ਰਕਿਰਿਆ

## 1.4.6 ਸਵੈ-ਮੁਲਾਂਕਣ ਅਭਿਆਸ :-

1. ਇਕਾਈ ਯੋਜਨਾ ....... ਹੁੰਦੀ ਹੈ।
2. ਪਾਠ ਯੋਜਨਾ ਦਾ ਨਿਰਮਾਣ ................ਨੂੰ ਧਿਆਨ ਵਿੱਚ ਰੱਖਕ। ਕੀਤਾ ਜਾਂਦਾ ਹੈ।
3. ਇਕਾਈ ਯੋਜਨਾ ਵਿੱਚ ...........ਜਰੂਰੀ ਹੈ।

**ਉੱਤਰ:- 1.**ਵਿਸਤ੍ਰਿਤ ਅਤੇ ਪੂਰਨ 2. ਵਿਸ਼ੇ 3. ਅਧਿਆਪਕ-ਵਿਦਿਆਰਥੀ

## 1.4.7 ਸੁਝਾਏ ਪ੍ਰਸ਼ਨ (Suggested Questions)

1. ਯੋਜਨਾ ਸ਼ਬਦ ਦੀ ਵਿਆਖਿਆ ਕਰੋ ਅਤੇ ਯੋਜਨਾ ਦੇ ਸਿਧਾਂਤਾਂ ਦਾ ਵਰਣਨ ਕਰੋ।
2. ਯੋਜਨਾ ਦੇ ਵਿਭਿੰਨ ਪੱਧਰਾਂ ਦਾ ਵਰਣਨ ਕਰੋ।
3. ਇਕਾਈ ਯੋਜਨਾ ਅਤੇ ਪਾਠ ਯੋਜਨਾ ਦਾ ਅਰਥ ਦੱਸੋ।
4. ਇਕਾਈ ਯੋਜਨਾ ਅਤੇ ਪਾਠ ਯੋਜਨਾ ਵਿਚ ਅੰਤਰ ਸਪਸ਼ਟ ਕਰੋ।
5. ਪਾਠ ਯੋਜਨਾ ਦੀ ਪ੍ਰਕ੍ਰਿਆ ਦੇ ਚਰਨਾ ਦਾ ਵਰਣਨ ਕਰੋ।

## 1.4.8 ਸੁਝਾਈਆਂ ਪੁਸਤਕਾਂ

B.N. Dash, Dr. I.V. Radhakrishna — Methods of Teaching of Social Studies Murty.
Prof S.R. Ruchela — Teaching of Social Science
S.K. Kochher — Teaching of Social Studies
B.L. Sharma, B.K. Maheshwari — Teaching of Social Science

Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.

P7

ORIGINALITY REPORT

| 3% | 3% | 0% | 0% |
|---|---|---|---|
| SIMILARITY INDEX | INTERNET SOURCES | PUBLICATIONS | STUDENT PAPERS |

PRIMARY SOURCES

| | | |
|---|---|---|
| 1 | www.pbidde.org<br>Internet Source | 1% |
| 2 | www.ischool24x7.com<br>Internet Source | <1% |
| 3 | www.yojana.gov.in<br>Internet Source | <1% |
| 4 | dspace.lpu.in:8080<br>Internet Source | <1% |
| 5 | www.gurmatveechar.com<br>Internet Source | <1% |
| 6 | tnteu.ac.in<br>Internet Source | <1% |
| 7 | www.aasthacollegeofeducation.com<br>Internet Source | <1% |
| 8 | Abida Nasreen. "Current Situation of Teaching and Learning in the Subject of Social Studies (Pakistan Studies) at Secondary School Level", Asian Social Science, 05/31/2011<br>Publication | <1% |
| 9 | earsiv.kastamonu.edu.tr:8080<br>Internet Source | <1% |

| | | | |
|---|---|---|---|
| 10 | www.idcindia.org<br>Internet Source | <1% |
| 11 | yojana.gov.in<br>Internet Source | <1% |
| 12 | www.andeantrails.co.uk<br>Internet Source | <1% |

Exclude quotes Off
Exclude bibliography Off
Exclude matches Off